The so-called Brahma (creator),
Vishnu (sustainer) and Shiva (destroyer)
are also contained in Him. Ramkali, 908.

੩੧੯. ਸੂਰਜੁ ਏਕੋ ਰੁਤਿ ਅਨੇਕ.
ਨਾਨਕ ਕਰਤੇ ਕੇ ਕੇਤੇ ਵੇਸ. ਆਸਾ, ੩੫੭.

319. One single sun runs through all seasons,
and their various parts and aspects.
God is likewise One
and permeates through all.
Many are the forms and aspects
in which He manifests Himself. Asa, 357.

III

174

GOD, THE ALL-IN-ALL

ਰੱਬ ਸਭੋ ਕੁਝ, ਕਰਤਾ-ਧਰਤਾ

੩੨੦. ਆਪੇ ਕਰਣੀ, ਕਰਣਹਾਰੁ. ਬਸੰਤ, ੧੧੯੦.

320. God Himself is Both Doer and Deed. Basant, 1190.

੩੨੧. ਤੂੰ ਆਪੇ ਕਰਤਾ, ਕਰਣ ਜੋਗੁ. ਬਸੰਤ, ੧੧੯੦.

321. God Himself is the Creator and the Cause. Basant, 1190.

੩੨੨. ਆਪੇ ਸਾਜੇ, ਆਪੇ ਰੰਗੇ, ਆਪੇ ਨਦਰਿ ਕਰੇਇ. ਤਿਲੰਗ, ੭੨੨.

322. God Himself creates
and then adorns us with His love
When He casts His gracious glance upon us. Tilang, 722.

175

GOD, THE CREATOR-DESTROYER-RECREATOR

ਰੱਬ : ਭੰਨਣ-ਘੜਨ ਸਮਰੱਥ

੩੨੩. ਜੋ ਉਸਾਰੇ ਸੋ ਢਾਹਿਸੀ,
ਤਿਸੁ ਬਿਨੁ ਅਵਰੁ ਨ ਕੋਇ. ਰਾਮਕਲੀ, ੯੩੪.

323. Building and demolishing
are both in His will;
As there is
no other apart from Him. Ramkali, 934.

੩੨੪. ਭਨਿ ਭਨਿ ਘੜੀਐ, ਘੜਿ ਘੜਿ ਭਜੈ;
ਢਾਹਿ ਉਸਾਰੈ, ਉਸਰੇ ਢਾਹੈ.
ਸਰ ਭਰਿ ਸੋਖੈ, ਭੀ ਭਰਿ ਪੋਖੈ,
ਸਮਰਥ ਵੇਪਰਵਾਹੈ. ਰਾਮਕਲੀ, ੯੩੫.

324. Having destroyed, He recreates;
then destroys again as He wills.
Having demolished, He rebuilds
and having rebuilt, He demolishes again.
Having filled the sea,
He causes it to dry up
and then fills it again.
He alone who is beyond all care and dependence,
has the power to do so. Ramkali, 935.

176

GOD, THE FASHIONER

ਰੱਬ : ਘੜਨ-ਘਾੜਨ ਸਮਰਥ

੩੨੫. ਆਪੇ ਭਾਂਡੇ ਸਾਜਿਅਨੁ,
ਆਪੇ ਪੂਰਣੁ ਦੇਇ.
ਇਕਨੀ ਦੁਧੁ ਸਮਾਈਐ,
ਇਕਿ ਚੁਲੈ ਰਹਨਿ ਚੜੇ. ਆਸਾ, ੪੭੫.

325. God Himself shapes (men as) pots
and brings them to perfection
Into some is poured the milk
(of loving kindness),
While others are set for ever
upon the stove (of passion). Aasa, 475.

177

GOD, THE GIVER/BESTOWER/BENEFICENT

ਰੱਬ : ਸਰਬ-ਦਾਤਾਰ

੩੨੬. ਮੰਗਣ ਵਾਲੇ ਕੇਤੜੇ,
ਦਾਤਾ ਏਕੋ ਸੋਇ. ਸਿਰੀ, ੧੮

326. Supplicants are countless.
God alone is the Giver. Siri, 18.

੩੨੭. ਨਾਨਕ ਸਾਚਾ ਸਰਬ ਦਾਤਾਰ. ਧਨਾਸਰੀ, ੬੬੨.

327. The True Lord is beneficent to all. Dhanasri, 662.

੩੨੮. ਆਪੇ ਜਾਣੈ,
ਆਪੇ ਦੇਇ. ਜਪੁ, ੫.

328. God Himself knows our needs
And bestows His gifts accordingly. Jap, 5.

੩੨੯. ਤੇਰੇ ਦਾਨੈ ਕੀਮਤਿ ਨਾ ਪਵੈ,
ਤਿਸੁ ਦਾਤੇ ਕਵਣੁ ਸੁਮਾਰੁ ? ਗਉੜੀ, ੧੫੭.

329. If His gifts cannot be evaluated,
how can one evaluate Him, their Giver. ? Gauri, 157.

੩੩੦. ਅਣਮੰਗਿਆ ਦਾਨੁ ਦੇਵਣਾ... ਸਿਰੀ, ੭੩.

330. God gives His gifts unasked for... Siri, 73.

੩੩੧. ਦੇਦਾ ਦੇ, ਲੈਦੇ ਥਕਿ ਪਾਹਿ. ਜਪੁ, ੨.

331. (God 's bounties flow so plentifully that)
He, the Giver, continues giving,
though it is the recipients
who grow weary of receiving. Jap, 2.

178

GOD, THE INDESCRIBABLE

ਰੱਬ : ਅਨੰਤ ਤੇ ਅਕੱਥ

੩੩੨. ਤੇਰੇ ਨਾਮ ਅਨੇਕਾ, ਰੂਪ ਅਨੰਤਾ.

ਕਹਣੁ ਨ ਜਾਹੀ, ਤੇਰੇ ਗੁਣ ਕੇਤੇ. ਆਸਾ, ੩੫੮.

332. Your names, forms and merits

are countless and indescribable, O Lord ! Asa, 358.

IV

179

GOD, THE ONLY ACTOR/PERFORMER

ਰੱਬ : ਆਪੇ ਕਰਤਾ-ਕਿਰਤ-ਕਾਰਜ

੩੩੩. ਆਪੇ ਪਟੀ, ਕਲਮ ਆਪਿ,

ਉਪਰਿ ਲੇਖੁ ਭਿ ਤੂੰ.

ਏਕੋ ਕਹੀਐ ਨਾਨਕਾ,

ਦੂਜਾ ਕਾਹੇ ਕੂ ? ਮਲਾਰ, ੧੨੯੧.

333. God Himself is the boardlet, the pen

and the writing on it.

Speak then of the One, O Nanȧk !

why of a second ? Malar, 1291.

੩੩੪. ਆਪੇ ਮਾਛੀ, ਮਛੁਲੀ, ਆਪੇ ਪਾਣੀ ਜਾਲੁ

ਆਪੇ ਜਾਲ ਮਣਕੜਾ, ਆਪੇ ਅੰਦਰਿ ਲਾਲੁ. ਸਿਰੀ, ੨੩.

334. God Himself is both fish and the fisherman;

the water and the net.

He Himself is also the float of the net

and the bait within it. Siri, 23.

180

GOD, THE ONLY DOER

ਰੱਬ : ਆਪੇ ਕਾਰਨ–ਕਰਤਾ–ਕਾਰਜ

੩੩੫. ਆਪੇ ਕਰੇ ਕਰਾਏ ਕਰਤਾ... ਆਸਾ, ੪੧੮.

335. God Himself is both Doer and Cause. Asa, 418.

੩੩੬. ਜੋ ਤਿਸੁ ਭਾਣਾ ਸੋਈ ਹੂਆ.
ਅਵਰੁ ਨ ਕਰਣੈ ਵਾਲਾ ਦੂਆ. ਗਉੜੀ, ੧੫੪.

336. Whatever God wills comes to pass;
For, there is no other Doer except Him. Gauri, 154.

181

GOD, THE ONLY GIVER

ਰੱਬ : ਇੱਕੋ–ਇਕ ਦਾਤਾ

੩੩੭. ਹਾਹੈ ਹੋਰੁ ਨ ਕੋਈ ਦਾਤਾ,
ਜੀਅ ਉਪਾਇ ਜਿਨਿ ਰਿਜਕੁ ਦੀਆ;
ਹਰਿ ਨਾਮੁ ਧਿਆਵਹੁ, ਹਰਿ ਨਾਮਿ ਸਮਾਵਹੁ,
ਅਨਦਿਨੁ ਲਾਹਾ ਹਰਿ ਨਾਮੁ ਲੀਆ. ਆਸਾ, ੪੩੪.

337. There is no other Giver but God
who creates and sustains all.
So, meditate always on His Name,
submerge yourself in it
and gather thereby the fruit of its bliss. Asa, 434.

182

GOD, THE ONLY REFUGE

ਰੱਬ : ਇੱਕੋ–ਇਕ ਓਟ/ਆਸਰਾ

੩੩੮. ਨਾਨਕ ਏਕੀ ਬਾਹਰੀ,
ਹੋਰ ਦੂਜੀ ਨਾਹੀ ਜਾਇ. ਆਸਾ, ੪੭੫.

338. There is none except God, the Only Supreme Lord,
to go to (for refuge and sustenance). Asa, 475.

V

183

GOD, THROUGH GURU

ਵਾਹਿਗੁਰੂ, ਗੁਰੂ ਰਾਹੀਂ

੩੩੯. ...ਬਿਨੁ ਸਤਿਗੁਰ,
ਕਿਨੈ ਨ ਪਾਇਆ. ਆਸਾ, ੪੬੬.

339. No one has attained to God
without the grace and guidance
of the True Master. Asa, 466.

੩੪੦. ਸਤਿਗੁਰ ਬਾਝੁ ਨ ਪਾਇਓ,
ਸਭ ਥਕੀ ਕਰਮ ਕਮਾਇ ਜੀਉ. ਸਿਰੀ, ੭੨.

340. No one has attained to God
without the grace and guidance of the True Master;
Though many have grown weary,
trying to do so through other means. Siri, 72.

੩੪੧. ...ਹਰਿ ਪਾਈਐ, ਸਤਿਗੁਰ ਭਾਇ. ਸੋਰਠਿ, ੫੯੭.

341. God is attained
by loving the True Guru. Sorath, 597.

184

GOD, THROUGH TRUTH

ਸੱਚ ਰਾਹੀਂ ਸਾਚਾ

੩੪੨. ...ਸਾਚੇ ਸਾਚਿ ਮਿਲਾਉ. ਸਿਰੀ, ੫੮.

342. The True one is met through Truth. Siri, 58.

੩੪੩. ਜਬ ਸਾਚ ਅੰਦਰਿ ਹੋਇ ਸਾਚਾ,
ਤਾਮਿ ਸਾਚਾ ਪਾਈਐ. ਵਡਹੰਸੁ, ੫੬੫.

343. When one nurtures the Truth in the heart,
one becomes True;
And through Truth
may meet the True One. Wadhans, 565.

VI

185
GOD AND LIFE
ਰੱਬ ਤੇ ਜਿੰਦ

੩੪੪. ਜੀਆ ਮਾਰਿ ਜੀਵਾਲੇ ਸੋਈ,
ਅਵਰੁ ਨ ਕੋਈ ਰਖੈ. ਮਾਝ, ੧੫੦.

344. God alone kills beings in His will
and then restores life to them if He so wills.
No one else can so sustain and protect them. Majh, 150.

186
GOD AND MAN
ਰੱਬ ਤੇ ਮਨੁੱਖ

੩੪੫. ਤੂ ਪੂਰਾ, ਹਮ ਊਰੇ ਹੋਛੇ;
ਤੂ ਗਉਰਾ, ਹਮ ਹਉਰੇ. ਸੋਰਠਿ, ੫੯੬-੯੭.

345. You are perfect, while we are imperfect
You are profound, while we are shallow. Sorath, 596-97.

੩੪੬. ਸਿਫਤੀ ਗੰਢੁ ਪਵੈ ਦਰਬਾਰਿ. ਮਾਝ, ੧੪੩

346. The bond between Man and God
is established only through His praise. Majh, 143.

੩੪੭. ਜਿਨਿ ਜਾਤਾ,
ਸੋ ਤਿਸ ਹੀ ਜੇਹਾ. ਰਾਮਕਲੀ, ੯੩੧.

347. Whoever comes to know God,
becomes like Him. Ramkali, 931.

੩੪੮. ਦਰ ਦਰਸ਼ਨ ਕਾ ਪ੍ਰੀਤਮੁ ਹੋਵੈ,
ਮੁਕਤਿ ਬਕੁੰਠੈ ਕਰੈ ਕਿਆ ? ਆਸਾ, ੩੬੦.

348. He who is devoted
to the vision of the Divine Portal
Shall set little value
on salvation and paradise. Asa, 360.

187

GOD AND WORLD

ਰੱਬ ਤੇ ਜੱਗ/ਜਗਤ

੩੪੯. ਬਿਨੁ ਸਾਚੇ,
ਜਗੁ ਸੁਪਨਾ. ਮਲਾਰ, ੧੨੭੪.

349. The world without the True One,
is but a dream. Malar, 1274.

੩੫੦.ਨਿਹਚਲੁ, ਚਤੁਰ, ਸੁਜਾਣੁ, ਬਿਧਾਤਾ;
ਚੰਚਲ ਜਗਤੁ ਸਬਾਇਆ. ਤੁਖਾਰੀ, ੧੧੦੯.

350. God who is eternal, wise and omniscient,
is also the Master of Destiny.
The world, on the other hand,
is fickle and inconsistant. Tukhari, 1109.

VII

188

GOD IN GURU

ਗੁਰੂ ਵਿਚ ਵਾਹਿਗੁਰੂ

੩੫੧. ਗੁਰ ਮਹਿ ਆਪੁ ਸਮੋਇ,
ਸਬਦੁ ਵਰਤਾਇਆ। ਮਲਾਰ, ੧੨੭੯.

351. God is merged in Guru
and dispenses His Word through Him. Malar, 1279.

੩੫੨. ਗੁਰ ਮਹਿ ਆਪੁ ਰਖਿਆ ਕਰਤਾਰੇ,
ਗੁਰਮੁਖਿ ਕੋਟਿ ਅਸੰਖ ਉਧਾਰੇ. ਮਾਰੂ, ੧੦੨੪.

352. God has lodged Himself in the Guru
By whose grace
countless millions are delivered. Maru, 1024.

189

GOD IN MAN

ਆਤਮਾ ਵਿਚ ਪਰਮਾਤਮਾ

੩੫੩. ਜਾਤਿ ਮਹਿ ਜੋਤਿ,
ਜੋਤਿ ਮਹਿ ਜਾਤਾ. ਆਸਾ, ੪੬੯.

353. God's light pervades in every creature
as every creature is contained
within His light. Asa, 469.

੩੫੪. ਘਟ ਘਟ ਅੰਤਰਿ ਬ੍ਰਹਮੁ ਲੁਕਾਇਆ,
ਘਟਿ ਘਟਿ ਜੋਤਿ ਸਬਾਈ. ਸੋਰਠਿ, ੫੯੭.

354. God is hidden in every heart.
every heart is illumined by Him.. Sorath, 597.

੩੫੫. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ.
ਨਾਨਕ ਅਵਰੁ ਨ ਜੀਵੈ ਕੋਇ. ਮਾਝ, ੧੪੨.

355. He alone lives in whom the Lord resides.
No one else is really alive. Majh, 142.

੩੫੬. ਬੋਲਹੁ ਸਾਚੁ, ਪਛਾਣਹੁ ਅੰਦਰਿ.
ਦੂਰਿ ਨਾਹੀ, ਦੇਖਹੁ ਕਰਿ ਨੰਦਰਿ. ਮਾਰੂ, ੧੦੨੬.

356. Speak the truth and realize the Lord within.
He is not far from you.
You have only to see Him intuitively. Maru, 1026.

੩੫੭. ਮਹਲ ਮਹਿ ਬੈਠੇ ਅਗਮ ਅਪਾਰ. ਮਲਾਰ. ੧੨੫੫.

357. In our mansion (i.e. body) resides
the Infinite, Unconfinable God. Malar, 1255.

190

GOD IN NATURE

ਪ੍ਰਕਿਰਤੀ ਵਿਚ ਪਰਮਾਤਮਾ

੩੫੮. ਆਪੀਨੈ ਆਪੁ ਸਾਜਿਓ,

ਆਪੀਨੈ ਰਚਿਓ ਨਾਉ.

ਦੁਯੀ ਕੁਦਰਤਿ ਸਾਜੀਐ,

ਕਰਿ ਆਸਣੁ ਡਿਠੋ ਚਾਉ. ਆਸਾ, ੪੬੩.

358. God of Himself created Himself,

and assumed the Name then.

Secondly, He created Nature,

wherein He lives and beholds it with delight. Asa, 463.

੩੫੯. ਕੁਦਰਤਿ ਕਰਿ ਕੈ

ਵਸਿਆ ਸੋਇ. ਸਿਰੀ, ੮੩.

359. God created Nature

and pervades it. Siri, 83.

੩੬੦. ਬਲਿਹਾਰੀ ਕੁਦਰਤਿ ਵਸਿਆ. ਆਸਾ, ੪੬੯.

360. I am a sacrifice unto You,

O You who dwell in Nature. Asa, 469.

੩੬੧. ਸਭ ਤੇਰੀ ਕੁਦਰਤਿ,

ਤੂੰ ਕਾਦਿਰੁ ਕਰਤਾ... ਆਸਾ, ੪੬੪.

361. Your Nature works everywhere

You are the Master of Nature, its Creator-Lord. Asa, 464

VIII

191

GOD IS ABSOLUTE

ਰੱਬ ਸਰਬ-ਅਧਿਕਾਰੀ ਹੈ

੩੬੨. ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ;
ਹੀਲੜਾ ਏਹੁ ਸੰਸਾਰੋ. ਵਡਹੰਸੁ. ੫੭੯.

362. God is absolute, all powerful,
and whatever He wills comes to pass.
This world is but a pretext,
a make-believe. Wadhans, 579.

੩੬੩. ਭਾਣੈ ਤਖ਼ਤਿ ਵਡਾਈਆ,
ਭਾਣੈ ਭੀਖ ਉਦਾਸਿ ਜੀਉ.
ਭਾਣੈ ਥਲ ਸਿਰਿ ਸਰੁ ਵਹੈ,
ਕਮਲੁ ਫੁਲੈ ਆਕਾਸਿ ਜੀਉ. ਸੂਹੀ, ੭੬੨.

363. If it pleases God,
He exalts one to the throne,
as another renounces the world and goes abegging.
If it pleases Him,
the sea may flow over the desert
and the lotus may bloom in the sky. Suhi, 762.

੩੬੪. ਜੋ ਤਿਸੁ ਭਾਵੈ ਸੋਈ ਕਰਸੀ,
ਕਿਰਤੁ ਨ ਮੇਟਿਆ ਜਾਈ. ਗੂਜਰੀ, ੫੦੪.

364. Whatever pleases God, He does.
No one can gainsay it. Gujri, 504.

192

GOD IS ETERNAL
ਰੱਬ ਸਦੀਵੀ ਹੈ

੩੬੫. ਸਭ ਦੁਨੀ ਆਵਣ ਜਾਵਣੀ, ਮੁਕਾਮੁ ਏਕੁ ਰਹੀਮੁ. ਸਿਰੀ, ੬੪.

365. The whole world is subject to coming and going.
The Lord of Mercy alone is permanent. Siri, 64.

੩੬੬. ਅਸਮਾਨੁ ਧਰਤੀ ਚਲਸੀ, ਮੁਕਾਮੁ ਓਹੀ ਏਕੁ. ਸਿਰੀ, ੬੪.

366. The sky and the earth will pass away.
The One alone will remain for ever. Siri, 64.

੩੬੭. ਜੁਗੁ ਜੁਗੁ ਸਾਚਾ ਹੈ, ਭੀ ਹੋਸੀ
ਕਉਣੁ ਨ ਮੂਆ, ਕਉਣੁ ਨ ਮਰਸੀ ? ਮਾਰੂ, ੧੦੨੨.

367. The True One has existed in all ages
and will forever be.
As regards man,
is there yet one who has not ended in death ?
Maru, 1022.

੩੬੮. ਦਿਨ ਰਵਿ ਚਲੈ, ਨਿਸਿ ਸਸਿ ਚਲੈ,
ਤਾਰਿਕਾ ਲਖ ਪਲੋਇ;
ਮੁਕਾਮੁ ਓਹੀ ਏਕੁ ਹੈ,
ਨਾਨਕਾ ਸਚੁ ਬੁਗੋਇ. ਸਿਰੀ, ੬੪.

368. The sun, the day, the moon, the night,
and the innumerable stars shall all pass away.
Only God is eternal and shall stay for ever. .
Nanak tells this truth. Siri, 64.

193

GOD IS FORMLESS
ਰੱਬ ਅਰੂਪ/ਨਿਰਾਕਾਰ ਹੈ

੩੬੯. ਨਾ ਤਿਸੁ ਰੂਪੁ, ਨ ਰੇਖਿਆ ਕਾਈ. ਸੂਹੀ, ੭੫੦.

369. God has neither form nor material sign. Suhi, 750.

੩੭੦. ਸਹਸ ਤਵ ਨੈਨ, ਨਨ ਨੈਨ ਹੈ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ. ਧਨਾਸਰੀ, ੬੬੩.

370. You have thousands of eyes, O Lord !
and yet You have not even one. Dhanasri, 663.

194
GOD IS LOVE
ਰੱਬ ਪਿਆਰ–ਸਰੂਪ ਹੈ

੩੭੧. ...ਪਾਰਬ੍ਰਹਮ ਲਿਵ ਏਕੇ. ਆਸਾ, ੩੬੦.

371. God is the only love. Asa, 360.

੩੭੨. ਆਪੇ ਰਸੀਆ, ਆਪਿ ਰਸੁ, ਆਪੇ ਰਾਵਣਹਾਰੁ.
ਆਪੇ ਹੋਵੈ ਚੋਲੜਾ, ਆਪੇ ਸੇਜ ਭਤਾਰੁ;
ਰੰਗਿ ਰਤਾ ਮੇਰਾ ਸਾਹਿਬੁ, ਰਵਿ ਰਹਿਆ ਭਰਪੂਰਿ. ਸਿਰੀ, ੨੩.

372. God Himself is the relisher, the relish,
and the enjoyer as well.
He Himself is the bride
and the spouse in bed with her.
He is my Master
who immersed in love, pervades everywhere. Siri, 23.

195
GOD IS TRUTH
ਰੱਬ ਸੱਚ–ਸਰੂਪ ਹੈ

੩੭੩. ਸਤਿ ਕਰਤਾਰ. ਜਨਮਸਾਖੀ.184

373. God, the Creator, is True and Eternal. Janamsakhi

੩੭੪. ਆਪੇ ਸਚੁ,
ਭਾਵੈ ਤਿਸੁ ਸਚੁ. ਸਿਰੀ, ੨੫.

374. God Himself is True.
And it is only Truth that He likes. Siri, 25.

੩੭੫. ਸਾਚਾ ਸਾਹਿਬੁ,
ਸਾਚੁ ਨਾਇ... ਜਪੁ, ੨.

375. True is the Lord.
True is His Name. Jap, 2.

੩੭੬. ਆਦਿ ਸਚੁ, ਜੁਗਾਦਿ ਸਚੁ,
ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ. ਜਪੁ, ੧.

376. God was True in the beginning.
He was True throughout the ages.
He is true now and will beTrue for ever. Jap, 1.

IX

196

GOD, MAN OF (GURMUKH)

ਗੁਰਮੁਖ

੩੭੭. ਗੁਰਮੁਖਿ ਹੋਇ,
ਸੁ ਰਾਚੈ ਨਾਇ. ਪ੍ਰਭਾਤੀ, ੧੩੩੦.

377. He who is Gurmukh[1]
is imbued with the holy Name. Prabhati, 1330.

੩੭੮. ਗੁਰਮੁਖਿ ਨਾਮੁ, ਦਾਨੁ, ਇਸਨਾਨੁ.
ਗੁਰਮੁਖਿ ਲਾਗੈ ਸਹਜਿ ਧਿਆਨੁ. ਰਾਮਕਲੀ, ੯੪੨.

378. The God-oriented are blessed with
devotion to Name, charitable nature and purity.
They are spontaneously attuned to God. Ramkali, 942.

੩੭੯. ਬੋਲਹਿ ਸਾਚੁ, ਮਿਥਿਆ ਨਹੀ ਰਾਈ,
ਚਾਲਹਿ ਗੁਰਮੁਖਿ, ਹੁਕਮਿ ਰਜਾਈ. ਗਉੜੀ, ੨੨੭.

379. The man of God speaks the truth
and is never false.
He follows the Guru's word
and lives in God's will. Gauri, 227.

੩੮੦. ਗੁਰਮੁਖਿ ਨਾਦ, ਬੇਦ ਬੀਚਾਰੁ
ਗੁਰਮੁਖਿ ਮਜਨੁ, ਚਜੁ ਅਚਾਰੁ. ਰਾਮਕਲੀ, ੯੩੨.

380. For the man of God
reflection on the Word
is the *Nada*[2] and *Veda*.
His ablution and code of conduct
are also based on this. Ramkali, 932.

---

1. *GURMUKH* : i.e. turned to God or Guru (cf. Manmukh, i.e., turned to self); inspired with the Guru-given light; man of God; man of religion; God-conscious; saint, enlightened seer.

2. *NADA* : Subtle and sublime music said to be heard by the Yogis in their trance.

197

GOD-IMBUED

ਪ੍ਰਭ-ਰਾਤੇ

੩੮੧. ...ਪ੍ਰਭ ਰਾਤਉ, ਸੁਖ ਸਾਰੁ. ਸਿਰੀ, ੬੨.

381. Imbued with God, one is ever full of joy. Siri, 62.

198

GOD-INTOXICATED

ਰੱਬ ਦਾ ਦੀਵਾਨਾ

੩੮੨. ਤਉ ਦੇਵਾਨਾ ਜਾਣੀਐ,
ਜਾ ਸਾਹਿਬ ਧਰੇ ਪਿਆਰੁ.
ਮੰਦਾ ਜਾਣੈ ਆਪ ਕਉ,
ਅਵਰੁ ਭਲਾ ਸੰਸਾਰੁ. ਮਾਰੂ, ੯੯੧.

382. He indeed is God-intoxicated
who holds the Lord dear;
Considers himself as unworthy
and the rest of the world as good. Maru, 991.

X

199

GOD'S ADMIRERS

ਰੱਬ ਦੇ ਪਰਸੰਸਕ

੩੮੩. ਸਾਲਾਹੀ ਸਾਲਾਹਿ,
ਏਤੀ ਸੁਰਤਿ ਨ ਪਾਈਆ.
ਨਦੀਆ ਅਤੈ ਵਾਹ,
ਪਵਹਿ ਸਮੁੰਦਿ ਨ ਜਾਣੀਅਹਿ. ਜਪੁ, ੫

383. Admirers praise Him,
but do not know the extent of His greatness;
As streams and rivulets flowing into the sea
do not know its depth or vastness. Jap, 5.

200
GOD'S APPROVAL/ ACCEPTANCE
ਰੱਬ ਦੀ ਪਰਵਾਨਗੀ/ਮਨਜ਼ੂਰੀ

੩੮੪. ਹੁਕਮਿ ਮੰਨਿਐ ਹੋਵੈ ਪਰਵਾਣੁ,

ਤਾ ਖਸਮੈ ਕਾ ਮਹਲੁ ਪਾਇਸੀ. ਆਸਾ, ੪੭੧.

384. He who obeys the command of God,

is approved and admitted to His palace. Asa, 471.

੩੮੫. ਹੁਕਮਿ ਰਜਾਈ ਜੋ ਚਲੈ,

ਸੋ ਪਵੈ ਖਜਾਨੈ. ਆਸਾ, ੪੨੧.

385. He who abides by the will of God,

is accepted and treasured by Him. Asa, 421.

੩੮੬. ਹੁਕਮਿ ਰਜਾਈ ਸਾਖਤੀ,

ਦਰਗਹ ਸਚੁ ਕਬੂਲੁ. ਮਾਰੂ, ੧੦੯੦

386. One is approved only

if one submits oneself to the will of the Lord-commandant,

in Whose court only Truth is accepted.

Maru, 1090.

201

GOD'S ARTI

ਰੱਬ ਦੀ ਆਰਤੀ, ਪੂਜਾ

੩੮੭. ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ;
ਧੂਪੁ ਮਲਆਨਲੋ, ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ;
ਕੈਸੀ ਆਰਤੀ ਹੋਇ, ਭਵਖੰਡਨਾ ! ਤੇਰੀ ਆਰਤੀ,
ਅਨਹਤਾ ਸਬਦ ਵਾਜੰਤ ਭੇਰੀ. ਧਨਾਸਰੀ, ੬੬੩.

387. For the *Arti** (worship) of God,
the firmament becomes the salver,
the sun and the moon are the lamps,
while the galaxies of stars are as scattered pearls.
The fragrance of the sandal-wood provides incense,
the wind the chowrie-fan;
All vegetation are the flower-offerings
and the uncaused celestial music
becomes the temple-drums.
What a wonderful form of worship this is
(performed with all Nature participating in it)
Of Him who is the King of Light
and the Destroyer of Fear ! Dhanasri, 663.

੩੮੮. ਜੋ ਤਿਸੁ ਭਾਵੈ,
ਸੁ ਆਰਤੀ ਹੋਇ. ਧਨਾਸਰੀ, ੬੬੩.

388. Submission to God's will,
is His true worship. Dhanasri, 663.

******ARTI*** :- An Indian form of worship which is performed with lamps, etc.**

202

GOD'S BENEVOLENCE

ਰੱਬ ਦੀ ਬਖ਼ਸ਼ਿਸ਼

੩੮੯. ਬਹੁਤਾ ਕਰਮੁ, ਲਿਖਿਆ ਨ ਜਾਇ.

ਵਡਾ ਦਾਤਾ, ਤਿਲੁ ਨ ਤਮਾਇ. ਜਪੁ, ੫.

389. God's benevolence is great

and is beyond description.

He is the great Giver

who gives all and covets nothing. Jap, 5.

203

GOD'S BRIDE

ਰੱਬ ਦੀ ਨਾਰ, ਪਤਨੀ

੩੯੦. ਹਰਿ ਕੀ ਨਾਰਿ ਸੁ ਸਰਬ ਸੁਹਾਗਣਿ,

ਰਾਂਡ ਨ ਮੈਲੈ ਵੇਸੇ. ਸੂਹੀ, ੭੬੩.

390. God's bride is ever a blessed one.

she is never widowed

and is never shabbily dressed. Suhi, 763.

੩੯੧. ਠਾਕੁਰੁ ਏਕੁ, ਸਬਾਈ ਨਾਰਿ. ਰਾਮਕਲੀ, ੯੩੩

391. God is the only spouse.

All other beings are His wives. Ramkali, 933.

204

GOD'S COMMAND/DIVINE ORDER

ਰੱਬ ਦਾ ਹੁਕਮ, ਈਸ਼ਵਰੀ ਆਦੇਸ਼

੩੯੨. ਹੁਕਮੀ ਹੋਵਨਿ ਜੀਅ... ਜਪੁ, ੧.

392. All life is shaped by God's ordering. Jap, 1.

੩੯੩. ਹੁਕਮੈ ਅੰਦਰਿ ਸਭੁ ਕੋ,
ਬਾਹਰਿ ਹੁਕਮ ਨ ਕੋਇ. ਜਪੁ, ੧.

393. All are subject to God's command.
Nothing is outside His sway. Jap, 1.

੩੯੪. ਹੁਕਮੁ ਮੰਨੇ ਸਿਰਦਾਰੁ,
ਦਰਿ ਦੀਬਾਣੀਐ. ਮਾਝ ੧੪੨.

394. They alone become nobles in His court
who obey His Orders. Majh, 142.

੩੯੫. ਪ੍ਰਣਵਤਿ ਨਾਨਕੁ ਹੁਕਮੁ ਪਛਾਣੈ,
ਸੁਖੁ ਹੋਵੈ ਦਿਨੁ ਰਾਤੀ. ਗਉੜੀ, ੧੫੬.

395. He who recognizes God's Command,
enjoys constant happiness
and peace of mind. Gauri, 156.

੩੯੬. ਹੁਕਮਿ ਰਜਾਈ ਚਲਣਾ,
ਨਾਨਕ ਲਿਖਿਆ ਨਾਲਿ. ਜਪੁ, ੧.

396. Submit to the Divine Order
and abide by His will
which is ingrained in our being. Jap, 1.

੩੯੭. ਹੁਕਮੀ ਹੁਕਮੁ ਚਲਾਏ ਰਾਹੁ. ਜਪੁ, ੨.

397. God's Command directs the path. Jap, 2.

੩੯੮. ਆਖਣੁ, ਵੇਖਣੁ, ਬੋਲਣੁ, ਚਲਣੁ,

ਜੀਵਣੁ, ਮਰਣਾ ਧਾਤੁ;

ਹੁਕਮੁ ਸਾਜਿ, ਹੁਕਮੈ ਵਿਚਿ ਰਖੈ,

ਨਾਨਕ ਸਚਾ ਆਪਿ. ਮਾਝ, ੧੪੫.

398. Telling, seeing, speaking, moving, living and dying

— all are transient.

The True Lord, having established the Divine Order,

has Himself placed them all under it. Majh, 145.

੩੯੯. ਹੁਕਮੁ ਸਿਞਾਪੈ ਸਾਹ ਕਾ ਪਿਆਰੇ !

ਸਚੁ ਮਿਲੈ, ਵਡਿਆਈ ਹੋਇ. ਸੋਰਠ, ੬੩੬.

399. He who comprehends

the Divine Order of the King, O dear !

attains to the Truth and receives honour. Sorath, 636.

੪੦੦. ਜਿਵ ਜਿਵ ਹੁਕਮੁ,

ਤਿਵੈ ਤਿਵ ਕਾਰ. ਜਪੁ, ੮.

400. All are engaged in doing

what God ordains. Jap, 8.

205
GOD'S COURT
ਰੱਬ ਦਾ ਦਰਬਾਰ, ਦਰਗਾਹ

੪੦੧. ਸਚਾ ਆਪਿ, ਸਚਾ ਦਰਬਾਰੁ. ਜਪ, ੭.

401. God is true
and true is His court. Jap, 7.

੪੦੨. ਕਚ ਪਕਾਈ, ਓਥੈ ਪਾਇ. ਜਪ, ੭.

402. The true and the false
are determined in God's court. Jap, 7.

206
GOD'S DEVOTEES
ਰੱਬ ਦੇ ਭਗਤ

੪੦੩. ਨਾਨਕ ਭਗਤਾ ਸਦਾ ਵਿਗਾਸੁ. ਜਪੁ, ੩.

403. The devotees of God are ever in bliss. Jap, 3

੪੦੪. ਨਾਨਕ ਭਗਤਾ ਭੁਖ ਸਾਲਾਹਣੁ,
ਸਚੁ ਨਾਮੁ ਆਧਾਰੁ. ਆਸਾ, ੪੬੬.

404. The hunger of the devotees is for the praise of God,
As His True Name is their sustenance. Asa, 466.

੪੦੫. ਸਰਵਰ ਮਹਿ ਹੰਸੁ,
ਹੰਸ ਮਹਿ ਸਾਗਰੁ. ਧਨਾਸਰੀ, ੬੮੫.

405. The devotees are contained in God.
Even as God is contained in His devotees.
Dhanasari, 685.

207
GOD'S DISPLEASURE
ਰੱਬ ਦੀ ਨਾਰਾਜ਼ਗੀ, ਅਪ੍ਰਸੰਨਤਾ

੪੦੬. ਨਦਰਿ ਉਪਠੀ ਜੇ ਕਰੇ,
ਸੁਲਤਾਨਾ ਘਾਹੁ ਕਰਾਇਦਾ. ਆਸਾ, ੪੭੨.

406. If God turns away
His gaze of favour,
He reduces even kings
to a blade of grass. Asa, 472.

208
GOD'S DOINGS
ਰੱਬ ਦੇ ਕਰਨੇ, ਕੰਮ, ਕਰਨੀਆਂ

੪੦੭. ਕਰਤੇ ਕੈ ਕਰਣੈ, ਨਾਹੀ ਸੁਮਾਰੁ. ਜਪੁ, ੩.

407. God's doings are beyond any count. Jap, 3.

੪੦੮. ਅੰਤੁ ਨ ਕਰਣੈ,
ਦੇਣਿ ਨ ਅੰਤੁ. ਜਪੁ, ੫.

408. There is no limit to God's works,
no end to His gifts. Jap, 5.

209
GOD'S EXTENT
ਰੱਬ ਦੀ ਮਿਤ, ਵਿਸਤਾਰ

੪੦੯. ਤਾ ਕੀ ਗਤਿ ਮਿਤਿ
ਅਵਰੁ ਨ ਜਾਣੈ... ਰਾਮਕਲੀ, ੮੭੯.

409. No one knows the state
and extent of God. Ramkali, 879.

੪੧੦. ਤੂ ਦਰੀਆਉ ਦਾਨਾ ਬੀਨਾ,
ਮੈ ਮਛੁਲੀ ਕੈਸੇ ਅੰਤੁ ਲਹਾ ? ਸਿਰੀ, ੨੫.

410. You, O Lord, are the River,
the All-knower, the All-seer.
How can I, a mere fish,
perceive Your expanse ? Siri, 25.

210

GOD'S FAVOURITES

ਰੱਬ ਦੇ ਮਨਪਸੰਦ, ਮਨਭਾਉਂਦੇ

੪੧੧. ਖਸਮੈ ਭਾਵੈ ਓਹੋ ਚੰਗਾ,

ਜਿ ਕਰੇ ਖੁਦਾਇ ਖੁਦਾਇ. ਮਲਾਰ, ੧੨੮੬.

411. Such a one alone is dear to God

and attains His grace

who utters His Name and adores Him. Malar, 1286.

੪੧੨. ਹੁਕਮੁ ਮੰਨੇ ਸਿਰਦਾਰੁ,

ਦਰਿ ਦੀਬਾਣੀਐ. ਮਾਝ, ੧੪੨.

412. They alone, who obey God's Ordinance,

are reckoned as nobles in His court. Majh, 142.

੪੧੩. ਸੇਵਕੁ, ਦਾਸੁ, ਭਗਤੁ ਜਨੁ ਸੋਈ,

ਠਾਕੁਰ ਕਾ ਦਾਸੁ, ਗੁਰਮੁਖਿ ਹੋਈ. ਆਸਾ, ੩੫੫.

413. He alone is the true servant,

the true devotee, the real God-conscious,

Who is devoted and dedicated

to the service of the Master. Asa, 355.

੪੧੪. ਖਸਮ ਕੀ ਨਦਰਿ, ਦਿਲਹਿ ਪਸਿੰਦੇ,

ਜਿਨੀ ਕਰਿ ਏਕੁ ਧਿਆਇਆ. ਸਿਰੀ, ੨੪.

414. They alone,

who keep God ever in their hearts,

enjoy His grace and become His favourites. Siri, 24.

211

GOD'S FEAR

ਰੱਬ ਦਾ ਡਰ, ਭੈ, ਭਉ

੪੧੫. ਸਗਲਿਆ ਭਉ ਲਿਖਿਆ ਸਿਰਿ ਲੇਖੁ.
ਨਾਨਕ ਨਿਰਭਉ, ਨਿਰੰਕਾਰੁ, ਸਚੁ ਏਕੁ. ਆਸਾ, ੪੬੪.

415. The writ of God's fear
is set over the heads of all.
The One Formless, the True God
alone is without fear. Asa, 464.

੪੧੬. ਨਾਨਕ ਜਿਨ ਮਨਿ ਭਉ,
ਤਿਨਾ ਮਨਿ ਭਾਉ. ਆਸਾ, ੪੬੫.

416. They alone have love for God
who bear His fear in their minds. Asa, 465.

੪੧੭. ਭੈ ਬਿਨੁ,
ਕੋਇ ਨ ਲੰਘਸਿ ਪਾਰਿ. ਗਉੜੀ, ੧੫੧.

417. None can cross the Ocean of Existence
without imbibing the fear of God. Gauri, 151.

212

GOD'S GIFTS/BOUNTIES

ਰੱਬ ਦੀਆਂ ਦਾਤਾਂ, ਬਖ਼ਸ਼ਸ਼ਾਂ

੪੧੮. ਨਾਨਕ ਨਦਰੀ, ਕਰਮੀ ਦਾਤਿ. ਜਪੁ, ੫.

418. Men receive God's gifts
only through His grace and bounty. Jap, 5.

੪੧੯. ਜੇਵਡੁ ਆਪਿ,
ਤੇਵਡ ਤੇਰੀ ਦਾਤਿ. ਆਸਾ, ੩੪੯.

419. As great as God Himself is,
so great are His gifts and bounties. Asa, 349.

੪੨੦. ਦਾਤੀ ਸਾਹਿਬ ਸੰਦੀਆ,
ਕਿਆ ਚਲੈ ਤਿਸੁ ਨਾਲਿ.
ਇਕ ਜਾਗੰਦੇ ਨਾ ਲਹੰਨਿ,
ਇਕਨਾ ਸੁਤਿਆ ਦੇਇ ਉਠਾਲਿ. ਸਿਰੀ, ੮੩.

420. All bounties come from the Lord.
No one can claim them as a matter of right.
Some even awake do not get them,
while others He wakes out of sleep and blesses. Siri, 83.

213
GOD'S GLORY
ਰੱਬ ਦੀ ਪ੍ਰਭੁਤਾ, ਸੋਭਾ, ਪਰਤਾਪ

੪੨੧. ਜਿਤੁ ਮੁਖਿ ਸਦਾ ਸਲਾਹੀਐ,
ਭਾਗਾ ਰਤੀ ਚਾਰਿ. ਆਸਾ, ੪੭੩.

421. They who always sing of His glory,
are blessed and radiant with His beauty. Asa, 473.

214
GOD'S GRACE
ਰੱਬ ਦੀ ਮਿਹਰ, ਕਿਰਪਾ, ਕਰਮ, ਨਦਰ

੪੨੨. ਕਰਮਿ ਮਿਲੈ, ਸਚੁ ਪਾਈਐ... ਸਿਰੀ, ੬੨.

422. Truth is attained through God's grace. Siri, 62.

੪੨੩. ਕਰਮੀ ਆਵੈ ਕਪੜਾ,
ਨਦਰੀ ਮੋਖੁ ਦੁਆਰੁ.

423. Good actions may procure
a better quality of life.
But salvation comes only
through the grace of God. Jap, 2.

੪੨੪. ਕਰਮਿ ਮਿਲੈ,
ਆਖਣੁ ਤੇਰਾ ਨਾਉ. ਧਨਾਸਰੀ, ੬੬੨.

424. The ability to cherish God's Name
is obtained only through His grace. Dhanasri, 662.

੪੨੫. ਵਿਣੁ ਨਦਰੀ, ਨਾਨਕ ਨਹੀ ਕੋਇ. ਧਨਾਸਰੀ, ੬੬੧.

425. No one is redeemed and attains anything
without God's glance of grace. Dhanasri, 661.

੪੨੬. ਨਾਨਕ ਨਦਰੀ,
ਕਰਮੀ ਦਾਤਿ. ਜਪੁ, ੫.

426. Men receive God's gifts
only through His grace and bounty. Jap, 5.

215

GOD'S GRACIOUS GLANCE/GLAZE

ਰੱਬ ਦੀ ਕ੍ਰਿਪਾ-ਦ੍ਰਿਸ਼ਟੀ, ਮਿਹਰ ਦੀ ਨਜ਼ਰ, ਨਦਰ

੪੨੭. ਤਿਨਾ ਸਵਾਰੇ ਨਾਨਕਾ,
ਜਿਨ ਕਉ ਨਦਰਿ ਕਰੇ. ਆਸਾ, ੪੭੫.

427. God bedecks only those
on whom He castes His gracious glance. Asa, 475.

੪੨੮. ਨਾਨਕ ਨਦਰੀ,
ਨਦਰਿ ਨਿਹਾਲ. ਜਪੁ, ੮.

428. Man attains to ever-lasting joy
only through God's gracious glaze. Jap, 8.

216

GOD'S GREATNESS

ਰੱਬ ਦੀ ਵੱਡਿਆਈ

੪੨੯. ਵਡਾ ਸਾਹਿਬੁ, ਵਡੀ ਨਾਈ,
ਕੀਤਾ ਜਾ ਕਾ ਹੋਵੈ. ਜਪੁ, ੫.

429. He alone is the Doer. His Name is great.
All that is accomplished, proceeds from Him. Jap, 5.

੪੩੦. ਜੇਵਡੁ ਭਾਵੈ,
ਤੇਵਡੁ ਹੋਇ. ਜਪੁ, ੬.

430. God becomes as great
as He wishes to be. Jap, 6.

੪੩੧. ਨਾਨਕ ਵਡਾ ਆਖੀਐ,
ਆਪੇ ਜਾਣੈ ਆਪੁ. ਜਪੁ, ੫.

431. God is great.
None but He alone knows how great He is. Jap, 5.

੪੩੨. ਕੇਵਡੁ ਵਡਾ, ਡੀਠਾ ਹੋਈ. ਆਸਾ, ੩੪੮-੪੯.

432. Only he who has seen God,
can know how great He is. Asa, 348-49.

੪੩੩. ਏਵਡੁ ਊਚਾ ਹੋਵੈ ਕੋਇ,
ਤਿਸੁ ਊਚੇ ਕਉ ਜਾਣੈ ਸੋਇ. ਜਪੁ, ੫.

433. In order to know God's height,
one must be as high as He is. Jap, 5.

217

GOD'S RECOGNITION

ਰੱਬ ਦੀ ਪਛਾਣ

੪੩੪. **ਸਿੱਧਾਂ ਪੁਛਿਆ :**

ਵਰਨੁ, ਭੇਖੁ, ਅਸਰੂਪੁ ਨ ਜਾਪੀ

ਕਿਉਕਰਿ ਜਾਪਸਿ ਸਾਚਾ ?

ਬਾਬੇ ਦਸਿਆ :

ਨਾਨਕ ਨਾਮਿ ਰਤੇ ਬੈਰਾਗੀ,

ਇਬ ਤਬ ਸਾਚੋ ਸਾਚਾ. ਰਾਮਕਲੀ, ੯੪੫.

434. **The Sidhas asked :**

If (as you say) God has

no particular colour, garb or form,

how can He be known or recognized ?

Guru Nanak told :

They who are detached (from Maya)

and are imbued with the Name,

Recognise the Truest of the True

here, there, now and ever. Ramkali, 945.

218

GOD'S IMMANENCE

ਰੱਬ ਦੀ ਸਰਬ-ਵਿਆਪਕਤਾ

੪੩੫. ਸੋ ਪ੍ਰਭੁ ਦੂਰਿ ਨਾਹੀ,

ਪ੍ਰਭੁ ਤੂੰ ਹੈ. ਆਸਾ, ੩੫੪.

435. The Lord is not far off.

He is here, close at hand. Asa, 354.

੪੩੬. ਏਕੋ ਰਵਿ ਰਹਿਆ ਸਭ ਥਾਈ,

ਏਕੁ ਵਸਿਆ ਮਨ ਮਾਹੀ. ਆਸਾ, ੪੩੩.

436. The One God pervades everywhere.

He alone dwells in every soul. Asa, 433.

੪੩੭. ਬਿਨੁ ਗੁਰ ਤਤੁ ਨ ਪਾਈਐ,

ਅਲਖੁ ਵਸੈ ਸਭ ਮਾਹਿ. ਮਾਰੂ, ੧੦੯੩.

437. Without the grace and guidance of the Guru,

this essence of Truth

that the Inaccessible God abides in all creation,

is not realized. Maru, 1093.

੪੩੮. ਜੋ ਅੰਤਰਿ ਸੋ ਬਾਹਰਿ ਦੇਖਹੁ,

ਅਵਰੁ ਨ ਦੂਜਾ ਕੋਈ ਜੀਉ. ਸੋਰਠਿ, ੫੯੯.

438. He who is within is also without.

There is no other besides Him. Sorath, 599.

219

GOD'S INFINITY

ਰੱਬ ਦੀ ਅਨੰਤਤਾ

੪੩੯. ਅੰਤੁ ਨ ਕਰਣੈ,

ਦੇਣਿ ਨ ਅੰਤੁ. ਜਪੁ, ੫.

439. There is no limit to God's works,

There is no end to His gifts. Jap, 5.

੪੪੦. ਅੰਤੁ ਨ ਜਾਪੈ ਕੀਤਾ ਆਕਾਰੁ. ਜਪੁ, ੫.

440. We cannot ever know

the extent of His creation. Jap, 5.

੪੪੧. ਅੰਤ ਕਾਰਣਿ ਕੇਤੇ ਬਿਲਲਾਹਿ,

ਤਾ ਕੇ ਅੰਤ ਨ ਪਾਏ ਜਾਹਿ;

ਏਹੁ ਅੰਤੁ ਨ ਜਾਣੈ ਕੋਇ,

ਬਹੁਤਾ ਕਹੀਐ, ਬਹੁਤਾ ਹੋਇ.

441. Countless tax their hearts trying to ascertain His limits

but His limits cannot be found.

No one will ever discover them.

The more we say about them

the more there is left to be said. Jap, 5.

੪੪੨. ਜੇਵਡੁ ਆਪਿ,

ਜਾਣੈ ਆਪਿ ਆਪਿ. ਜਪੁ, ੫.

442. God alone knows how high,

how great, how infinite He is. Jap, 5.

220

GOD'S LOVE

ਰੱਬ ਦਾ ਪਿਆਰ, ਪ੍ਰੇਮ

੪੪੩. ਨਾਨਕ ਪ੍ਰੇਮ ਮਹਾ ਰਸੀ,
ਸਭਿ ਬੁਰਿਆਈਆ ਛਾਰੁ. ਸੂਹੀ, ੭੮੬.

443. All sins are eliminated
by the supreme nectar of God's Love. Suhi, 786.

੪੪੪. ਮਨ ਰੇ !
ਕਿਉ ਛੂਟਹਿ ਬਿਨੁ ਪਿਆਰ ? ਸਿਰੀ, ੬੦.

444. O man !
you will not be released
without cherishing Love for God. Siri, 60.

221

GOD'S MERCY

ਰੱਬ ਦਾ ਰਹਿਮ, ਦਇਆ, ਤਰਸ

੪੪੫. ਨਦਰੀ ਕਰਮਿ,
ਲਘਾਏ ਪਾਰਿ. ਆਸਾ, ੪੬੫.

445. The gracious God
ferries men through life
in His mercy. Asa, 465.

222

GOD'S MYSTERY

ਰੱਬ ਦਾ ਰਹੱਸ, ਭੇਦ, ਮਰਮ

੪੪੬. ਪੜਿਐ ਨਾਹੀ ਭੇਦੁ,
ਬੁਝਿਐ ਪਾਵਣਾ. ਮਾਝ, ੧੪੮.

446. The Divine mystery
is revealed not through reading,
but through right understanding. Majh, 148.

XI

223

GOD'S NAME

ਰੱਬ ਦਾ ਨਾਂ, ਹਰੀ–ਨਾਮ, ਨਾਮ

੪੪੭. ੧ਓ ਸਤਿ ਨਾਮੁ. ਮੂਲ–ਮੰਤਰ, ੧.

447. There is but one God, the Supreme Being
His Name is Eternal Truth. Mul,mantar, 1.

੪੪੮. ਸਾਚਾ ਸਾਹਿਬੁ,
ਸਾਚੈ ਨਾਇ. ਆਸਾ, ੯.

448. True is the Lord. True is His Name. Asa, 9.

੪੪੯. ਆਪੀਨੈ ਆਪੁ ਸਾਜਿਓ,
ਆਪੀਨੈ ਰਚਿਓ ਨਾਉ. ਆਸਾ, ੪੬੩.

449. God created Himself from Himself,
And then He assumed the Name. Asa, 463.

੪੫੦. ਜੇਤਾ ਕੀਤਾ, ਤੇਤਾ ਨਾਉ;
ਵਿਣੁ ਨਾਵੈ, ਨਾਹੀ ਕੋ ਥਾਉ. ਜਪੁ, ੪.

450. Whatever God has made
is an expression of His Name.
There is no place in creation
where His Name does not pervade. Jap, 4.

੪੫੧. ਨਾਮ ਤਤੁ,
ਸਭ ਹੀ ਸਿਰਿ ਜਾਪੈ. ਰਾਮਕਲੀ, ੯੪੩.

451. The Essence of the Name
is supreme over all that exists. Ramkali, 943.

੪੫੨. ਕਲ ਮਹਿ ਰਾਮ ਨਾਮੁ ਸਾਰੁ. ਧਨਾਸਰੀ, ੬੬੨.

452. The most sublime thing in the Kali-age
is the Name of God. Dhanasri, 662.

੪੫੩. ਜਪਹੁ ਤ ਏਕੋ ਨਾਮਾ,
ਅਵਰਿ ਨਿਰਾਫਲ ਕਾਮਾ. ਸੂਹੀ, ੭੨੮.

453. Dwell only on God's Name,
as all other deeds are fruitless. Suhi, 728.

੪੫੪. ਨਾਮ-ਵਿਹੂਣੇ ਆਦਮੀ,
...ਧ੍ਰਿਗੁ ਜੀਵਣ ਕਰਮ ਕਰੇਹਿ. ਗੂਜਰੀ, ੪੮੯.

454. Accursed are the lives and deeds of the men
who do not cherish the Name of God. Gujri, 489.

੪੫੫. ਸੰਸਾਰੁ ਰੋਗੀ,
ਨਾਮੁ ਦਾਰੂ. ਧਨਾਸਰੀ, ੬੮੭.

455. The world is afflicted.
The Name of God
is the only remedy for it. Dhanasri, 687.

੪੫੬. ਨਾਉ ਤੇਰਾ ਨਿਰੰਕਾਰੁ ਹੈ,
ਨਾਇ ਲਇਐ ਨਰਕਿ ਨ ਜਾਈਐ. ਆਸਾ, ੪੬੫.

456. Your Name, O God, is 'The Formless One'.
By dwelling on it, one does not go to hell. Asa, 465.

੪੫੭. ਰਾਮ ਨਾਮ ਊਤਮ ਗਤਿ ਹੋਈ. ਪ੍ਰਭਾਤੀ, ੧੩੪੨.

457. Man attains to a sublime state of bliss
through the Name of God. Prabhati, 1342.

੪੫੮. ਨਾਨਕ ਇਹੁ ਤਨੁ ਜਾਲਿ,
ਜਿਨ ਜਲਿਐ ਨਾਮੁ ਵਿਸਾਰਿਆ. ਸੂਹਿ, ੭੮੯.

458. Burnt be the body
which has forsaken the Name of God. Suhi, 789.

੪੫੯. ...ਤੀਰਥੁ ਨਾਮੁ ਹੈ. ਧਨਾਸਰੀ, ੬੮੭.

459. God's Name is itself
the real place of pilgrimage
(i.e.the source of purification). Dhanasri, 687.

੪੬੦. ਨਾਮ ਬਿਨਾ ਕੈਸੇ ਆਚਾਰ ? ਪ੍ਰਭਾਤੀ, ੧੩੩੦.

460. Without God's Name,
our deeds are of no avail. Prabhati, 1330.

੪੬੧. ਕਿਛੁ ਪੁੰਨ, ਦਾਨ, ਅਨੇਕ ਕਰਣੀ,
ਨਾਮ ਤੁਲਿ ਨ ਸਮਸਰੇ. ਵਡਹੰਸੁ, ੫੬੬.

461. Alms, charities and such other ritual deeds
cannot equal the meditation
on the Name Divine. Wadhans, 566.

੪੬੨. ਕਰਮਿ ਮਿਲੈ ਆਖਣੁ ਤੇਰਾ ਨਾਉ. ਧਨਾਸਰੀ, ੬੬੨.

462. The ability to cherish God's Name
is attained through His grace. Dhanasri, 662.

੪੬੩. ਖਸਮੈ ਭਾਵੈ ਓਹੋ ਚੰਗਾ,
ਜਿ ਕਰੇ ਖੁਦਾਇ ਖੁਦਾਇ. ਮਲਾਰ, ੧੨੮੬.

463. He who utters God's Name,
is dear to God. Malar, 1286.

੪੬੪. ਮੰਨੇ ਨਾਉ ਸੋਈ ਜਿਣਿ ਜਾਇ,
ਅਉਰੀ ਕਰਮ ਨ ਲੇਖੈ ਲਾਇ. ਰਾਮਕਲੀ, ੯੫੪.

464. He who believes in God's Name will succeed,
as no other deed is of any account
in His court. Ramkali, 954.

੪੬੫. ਬਿਨੁ ਨਾਮ ਹਰਿ ਕੇ,
ਮੁਕਤਿ ਨਾਹੀ. ਧਨਾਸਰੀ, ੬੬੩.

465. There can be no salvation
without dwelling upon the Name of God. Dhanasri, 663.

੪੬੬. ਜਗ ਮਹਿ ਲਾਹਾ ਏਕੁ ਨਾਮੁ,
ਪਾਈਐ ਗੁਰ ਵੀਚਾਰਿ. ਸਿਰੀ, ੫੫.

466. The only profit to be earned in this world
is the Name of God
Which can be earned only
by dwelling on the Guru's Word. Siri, 55.

੪੬੭. ਰਾਮ ਨਾਮੁ ਧਨੁ ਨਿਰਮਲੋ,
ਜੇ ਦੇਵੈ ਦੇਵਣਹਾਰੁ. ਸਿਰੀ, ੬੨.

467. God's Name is the purest wealth.
Man obtains it only
if He, the Giver,
is disposed to give it. Siri, 62.

XII

224

GOD'S NAME, ABODE OF

ਹਰੀ-ਨਾਮ ਦਾ ਨਿਵਾਸ-ਅਸਥਾਨ

੪੬੮. ਦੇਹੀ ਅੰਦਰਿ ਨਾਮੁ ਨਿਵਾਸੀ,

ਆਪੇ ਕਰਤਾ, ਹੈ ਅਬਿਨਾਸੀ. ਮਾਰੂ, ੧੦੨੬.

468. Within the body abides the Name of God

Who Himself is the creator

and is immortal. Maru, 1026.

੪੬੯. ਨਾਵੈ ਅੰਦਰਿ ਹਉ ਵਸਾਂ,

ਨਾਉ ਵਸੈ ਮਨਿ ਆਇ. ਸਿਰਿ ੫੫.

469. I abide in the Name,

and the Name abides in me. Siri, 55.

225

GOD'S NAME, ATTAINMENT TO

ਨਾਮ ਪਰਾਪਤੀ ਦਾ ਰਾਹ, ਪਹੁੰਚ

੪੭੦. ਗੁਰੁ ਪਉੜੀ, ਬੇੜੀ ਗੁਰੂ,

ਗੁਰੁ ਤੁਲਹਾ ਹਰਿ ਨਾਉ. ਸਿਰੀ, ੧੭.

470. The Guru is the ladder, the boat, the raft

by means of which

one may obtain God's Name. Siri, 17.

226

GOD'S NAME, EFFICACY OF

ਹਰੀ-ਨਾਮ ਦੀ ਤਾਸੀਰ, ਕਾਰਗਰਤਾ

੪੭੧. ਕਟੇ ਪਾਪ ਅਸੰਖ,
ਨਾਵੈ ਇਕ ਕਣੀ. ਮਲਾਰ, ੧੨੮੩.

471. An atom of God's Name
rids us of countless sins. Malar, 1283.

੪੭੨. ਨਾਮੇ ਰਾਤੇ ਹਉਮੈ ਜਾਇ,
ਨਾਮਿ ਰਤੇ ਸਚਿ ਰਹੇ ਸਮਾਇ.
ਨਾਮਿ ਰਤੇ ਜੋਗ ਜੁਗਤਿ ਬੀਚਾਰੁ,
ਨਾਮਿ ਰਤੇ ਪਾਵਹਿ ਮੋਖ ਦੁਆਰੁ.
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ,
ਨਾਨਕ ਨਾਮਿ ਰਤੇ ਸਦਾ ਸੁਖੁ ਹੋਇ. ਰਾਮਕਲੀ, ੯੪੧.

472. He who is saturated with the divine Name,
rids himself of his ego
and abides always in the Truth.
He meditates on the way of true Yoga (Union)
and so finds the door of salvation.
He even acquires
an understanding of the three worlds
and so attains to eternal bliss. Ramkali, 941.

੪੭੩. ਸੁਣਿਐ
ਦੂਖ ਪਾਪ ਕਾ ਨਾਸੁ. ਜਪੁ, ੩.

473. By hearkening to the Name of God
sufferings and sins are annulled. Jap, 3.

੪੭੪. ਨਾਨਕ ਸਾਚੁ ਨਾਮਿ
ਮਲੁ ਖੋਈ. ਗਉੜੀ, ੨੨੮

474. The true Name washes away
all impurity of the mind. Gauri, 228.

227

GOD'S NAME, HUNGER FOR

ਹਰੀ-ਨਾਮ ਦੀ ਭੁੱਖ

੪੭੫. ਨਾਨਕ ਭਗਤਾ ਭੁਖ ਸਾਲਾਹਣੁ,
ਸਚੁ ਨਾਮੁ ਆਧਾਰੁ. ਆਸਾ, ੪੬੬.

475. The hunger of the devotees is to Praise God.
His True Name is their Sustenance. Asa, 466.

੪੭੬. ਮਾਰੂ ਮੀਹਿ ਨ ਤ੍ਰਿਪਤਿਆ, ਅਗੀ ਲਹੈ ਨ ਭੁਖ.
ਰਾਜਾ ਰਾਜਿ ਨ ਤ੍ਰਿਪਤਿਆ, ਸਾਇਰ ਭਰੇ ਕਿ ਸੁਕ.
ਨਾਨਕ ਸਚੇ ਨਾਮ ਕੀ, ਕੇਤੀ ਪੁਛਾ ਪੁਛ. ਮਾਝ, ੧੪੮.

476. As the desert is not satisfied with rain
or a fire with wood
or a king with his existing dominions;
So is the thirst of the seas for more water
which remains unquenched.
This is also true of the hunger for the True Name
which, likewise, is never satisfied. Majh, 148.

228

GOD'S NAME, REPETITION OF

ਹਰੀ-ਨਾਮ ਦਾ ਸਿਮਰਨ

੪੭੭. ਆਖਾ ਜੀਵਾ, ਵਿਸਰੈ ਮਰਿ ਜਾਉ,
ਆਖਣਿ ਅਉਖਾ, ਸਾਚਾ ਨਾਉ.
ਸਾਚੇ ਨਾਮ ਕੀ ਲਾਗੈ ਭੂਖ,
ਉਤੁ ਭੂਖੈ ਖਾਇ ਚਲੀਅਹਿ ਦੂਖ. ਆਸਾ, ੯.

477. By repeating God's Name, I live;
by forgetting it, I die.
Repeating the Name of the True One is quite hard;
but he who hungers for it and partakes of it,
all his woes whither away. Asa, 9.

229

GOD'S NAME : SOURCE OF BLISS

ਹਰੀ-ਨਾਮ : ਸੁਖ-ਸਹਿਜ ਦਾ ਸੋਮਾ

੪੭੮. ...ਸਭਿ ਸੁਖ ਸਾਚਉ ਨਾਮੁ... ਮਲਾਰ, ੧੨੭੯.

478. The Name of the True Lord
is the source of all bliss. Malar, 1279.

੪੭੯. ਰਾਮਨਾਮ,
ਊਤਮ ਗਤਿ ਹੋਈ. ਪ੍ਰਭਾਤੀ, ੧੩੪੨.

479. Man attains to the sublime state of bliss
through the Name of God. Prabhati, 1342.

੪੮੦. ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ,
ਸਚੁ ਨਾਮੁ ਉਰ ਧਾਰੀ. ਮਾਰੂ, ੧੦੧੩.

480. All the comforts and salvation lie in the utterance
of God's Name, in reciting His Holy Word
and in lodging it in the heart. Maru, 1013.

230

GOD'S NAME : SOURCE OF HONOUR

ਹਰੀ-ਨਾਮ : ਪਤ-ਪ੍ਰਸਿੱਧੀ ਦਾ ਸੋਮਾ

੪੮੧. ਨਾਇ ਤੇਰੈ ਤਰਣਾ, ਨਾਇ ਪਤਿ ਪੂਜ,
ਨਾਉ ਤੇਰਾ ਗਹਣਾ, ਮਤਿ ਮਕਸੂਦੁ;
ਨਾਇ ਤੇਰੈ ਨਾਉ, ਮੰਨੇ ਸਭ ਕੋਇ,
ਵਿਣੁ ਨਾਵੈ, ਪਤਿ ਕਬਹੁ ਨ ਹੋਇ. ਪਰਭਾਤੀ, ੧੩੨੭.

481. Only through Your Name, O God,
one can swim across the Ocean of Existence
and gather honour and regard in the world.
Your Name adorns one with glory
and fulfils the purpose of all pleading.
Through Your Name alone
one can gather repute and respect everywhere.
Without Your Name, O Lord,
one is never bestowed with honour. Prabhati, 1327.

231

GOD'S NAME : SOURCE OF PURIFICATION

ਹਰਿ–ਨਾਮ : ਸੁੱਚਮ ਦਾ ਸੋਮਾ

੪੮੨. ਤਨੁ ਸੂਚਾ ਸੋ ਆਖੀਐ,
ਜਿਸੁ ਮਹਿ ਸਾਚਾ ਨਾਉ. ਸਿਰੀ, ੧੯.

482. Pure is the body
wherein abides the true Name of the Lord. Siri, 19.

੪੮੩. ਭਰੀਐ ਮਤਿ ਪਾਪਾ ਕੈ ਸੰਗਿ,
ਓਹ ਧੋਪੈ ਨਾਵੈ ਕੈ ਰੰਗਿ. ਜਪੁ, ੪.

483. If the mind be defiled by sin and evil,
it can be cleaned only with devotion to God's Name.
Jap, 4.

੪੮੪. ਤਨੁ ਮਨੁ ਨਿਰਮਲੁ, ਨਿਰਮਲ ਬਾਣੀ,
ਨਾਮੋ ਮੰਨਿ ਵਸਾਏ. ਰਾਮਕਲੀ, ੯੪੪.

484. The body, the mind and the speech become pure
by cherishing the Name of God. Ramkali, 944.

232

GOD'S NAME : SOURCE OF SALVATION

ਹਰੀ–ਨਾਮ : ਮੁਕਤੀ ਦਾ ਸੋਮਾ

੪੮੫. ਰਾਮ ਨਾਮ ਬਿਨੁ, ਮੁਕਤਿ ਨ ਪਾਵਸਿ;
ਮੁਕਤਿ ਨਾਮਿ ਗੁਰਮੁਖਿ ਲਹੈ. ਭੈਰਉ, ੧੧੨੭.

485. None would attain salvation,
without devotion to the Name Divine.
And the redeeming Name is obtained
through the guidance of the True Guru. Bhairo, 1127.

੪੮੬. ਬਿਨੁ ਨਾਮ ਹਰਿ ਕੇ,
ਮੁਕਤਿ ਨਾਹੀ. ਧਨਾਸਰੀ, ੬੬੩.

486. There can be no salvation
without dwelling upon the Name of God. Dhanasri, 663.

233

GOD'S NAME : SOURCE OF VIRTUES AND POWERS

ਹਰੀ–ਨਾਮ : ਸ਼ੁਭ ਗੁਣਾਂ ਤੇ ਸ਼ਕਤੀਆਂ ਦਾ ਸੋਮਾ

੪੮੭. ਸੁਣਿਐ ਸਤੁ, ਸੰਤੋਖੁ ਗਿਆਨੁ. ਜਪੁ, ੩.

487. By hearkening to the Name of God,
truth, contentment and spiritual illumination
are bestowed. Jap, 3.

੪੮੮. ਸੁਧਿ, ਬੁਧਿ, ਸੁਰਤਿ,
ਨਾਮਿ ਹਰਿ ਪਾਈਐ. ਮਲਾਰ, ੧੨੫੬.

488. Intuition, intellect and right understanding
are gained through
absorption in the Name Divine. Malar, 1256.

234

GOD'S NAME IS PANACEA

ਹਰੀ–ਨਾਮ : ਸਰਬ ਔਖਦੀ, ਅਕਸੀਰ

੪੮੯. ਸਾਚੇ ਨਾਮ ਕੀ ਲਾਗੈ ਭੂਖ,
ਤਿਤੁ ਭੂਖੈ ਖਾਇ ਚਲੀਅਹਿ ਦੂਖ. ਆਸਾ, ੩੪੯.

489. All aches and pains of the one
who hungers for the True Name,
are consumed in that hunger. Asa, 349.

੪੯੦. ਸੰਸਾਰੁ ਰੋਗੀ, ਨਾਮੁ ਦਾਰੂ. ਧਨਾਸਰੀ, ੬੮੭.

490. The Name of God is the only remedy
for the suffering humanity. Dhanasri, 687.

XIII

235

GOD'S NEARNESS

ਰੱਬ ਦੀ ਨਿਕਟਤਾ

੪੯੧. ਨੇੜਾ ਹੈ, ਦੂਰਿ ਨ ਜਾਣਿਅਹੁ,

ਨਿਤ ਸਾਰੇ ਸੰਮਾਲੇ. ਗੂਜਰੀ, ੪੮੯.

491. God is near; do not think Him far away.

He always cares for and remembers us. Gujri, 489.

੪੯੨. ਬੋਲਹੁ ਸਾਚੁ, ਪਛਾਣਹੁ_ਅੰਦਰਿ,

ਦੂਰਿ ਨਾਹੀ, ਦੇਖਹੁ ਕਰਿ ਨੰਦਰਿ. ਮਾਰੂ. ੧੦੨੬.

492. Speak the truth and realise the Lord within

for, He is not far from you.

You have only to see Him intuitively. Maru, 1026.

੪੯੩. ਸਹੁ ਨੇੜੈ, ਧਨ ਕੰਮਲੀਏ !

ਬਾਹਰੁ ਕਿਆ ਢੂਢੇਹਿ ? ਤਿਲੰਗ, ੭੨੨.

493. The Spouse is near at hand,

O foolish bride,

Whom are you seeking outside ? Tilang, 722.

236

GOD'S OMNIPOTENCE

ਰੱਬ ਦੀ ਸਰਬ-ਸ਼ਕਤੀਮਾਨਤਾ

੪੯੪. ਸੀਹਾ, ਬਾਜਾ, ਚਰਗਾ, ਕੁਹੀਆ, ਏਨਾ ਖਵਾਲੇ ਘਾਹ;
ਘਾਹੁ ਖਾਨਿ ਤਿਨਾ ਮਾਸ ਖਵਾਲੇ, ਏਹਿ ਚਲਾਏ ਰਾਹ.
ਨਦੀਆ ਵਿਚਿ ਟਿਬੇ ਦੇਖਾਲੇ, ਥਲੀ ਕਰੇ ਅਸਗਾਹ.
ਕੀੜਾ ਥਾਪਿ ਦੇਇ ਪਾਤਿਸਾਹੀ, ਲਸਕਰ ਕਰੇ ਸੁਆਹ.
ਜੇਤੇ ਜੀਅ ਜੀਵਹਿ ਲੈ ਸਾਹਾ, ਜੀਵਾਲੇ ਤਾ ਕਿ ਅਸਾਹ ?
ਨਾਨਕ ਜਿਉ ਜਿਉ ਸਚੇ ਭਾਵੈ, ਤਿਉ ਤਿਉ ਦੇਇ ਗਿਰਾਹ. ਮਾਝ, ੧੪੪.

494. If God so wills,
he may cause tigers, hawks, kestrels and falcons to eat grass.
He may likewise cause
grass-eating animals to eat meat.
He can thus change life's pattern
as He pleases.
He may similarly cause islands to form in streams
and turn deserts into oceans.
He may even exalt a worm to kingship
and reduce an army to dust.
All creatures live by breathing,
but even without breathing they may still live
if He so wills it.
Hence, the True One sustains life
as it pleases Him. Majh, 144.

237

GOD'S OMNIPRESENCE

ਰੱਬ ਦੀ ਸਰਬ-ਵਿਆਪਕਤਾ

੪੯੫. ਸਗਲ ਰੂਪ, ਵਰਨ, ਮਨ ਮਾਹੀ,
ਕਹੁ ਨਾਨਕ ਏਕੋ ਸਾਲਾਹੀ. ਗਉੜੀ, ੨੨੩.

495. He alone should be praised
Who pervades all forms, colours and hearts. Gauri, 223.

੪੯੬. ਸਿਦਕੁ ਕਰਿ ਸਿਜਦਾ, ਮਨੁ ਕਰਿ ਮਖਸੂਦੁ,
ਜਿਹ ਧਿਰਿ ਦੇਖਾ, ਤਿਹ ਧਿਰਿ ਮਉਜੂਦੁ. ਸਿਰੀ, ੮੪.

496. By making faith your bowing
and knowledge of mind your aim,
You will find God present wherever you look. Siri, 84.

੪੯੭. ਹੁਕਮੁ ਚਲਾਇ,
ਰਹਿਆ ਭਰਪੂਰੇ. ਮਾਰੂ, ੧੦੪੨.

497. God pervades everywhere
and motivates all things in His will.

238

GOD'S OMNISCIENCE

ਰੱਬ ਦੀ ਸਰਬੱਗਤਾ

੪੯੮. ਵਿਣੁ ਬੋਲੇ, ਜਾਣੈ ਸਭੁ ਸੋਇ. ਧਨਾਸਰੀ, ੬੬੧.

498. God knows all without being told. Dhanasri, 661.

੪੯੯. ਨਾਨਕ ਜਾਣੈ, ਜਾਣੁ ਸੁਜਾਣੁ. ਧਨਾਸਰੀ, ੬੬੨.

499. The wise God knows everything. Dhanasri, 662.

239

GOD'S ONENESS

ਰੱਬ ਦੀ ਇੱਕਵਤਾ, ਇਕਈਸ਼ਵਰਤਾ

੫੦੦. ਸਰਬੰ ਸਾਚਾ ਏਕੁ ਹੈ,
ਦੂਜਾ ਨਾਹੀ ਕੋਇ. ਧਨਾਸਰੀ, ੬੬੦.

500. There is One Eternal Lord in all spots.
There is none other. Dhanasri, 660.

੫੦੧. ਏਕੋ ਰਵਿ ਰਹਿਆ ਸਭ ਥਾਈ,
ਏਕੁ ਵਸਿਆ ਮਨ ਮਾਹੀ. ਆਸਾ, ੪੩੩.

501. The One God pervades everywhere.
He alone dwells in every soul. Asa, 433.

੫੦੨. ਗੁਣੁ ਏਹੋ, ਹੋਰੁ ਨਾਹੀ ਕੋਇ,
ਨਾ ਕੋ ਹੋਆ, ਨਾ ਕੋ ਹੋਇ. ਆਸਾ, ੩੪੯.

502. His unique quality is
that there is no other like Him.
There never was
nor will there ever be. Asa, 349.

੫੦੩.ਠਾਕੁਰੁ ਏਕੁ, ਸਬਾਈ ਨਾਰਿ. ਰਾਮਕਲੀ, ੯੩੩.

503. God is the sole spouse.
All other beings are His wives. Ramkali, 933.

੫੦੪. ਸਭਨਾ ਜੀਆ ਕਾ ਇਕੁ ਦਾਤਾ. ਜਪੁ, ੨.

504. The Sustainer of all life is the One. Jap, 2.

੫੦੫. ਅਸਮਾਨੁ ਧਰਤੀ ਚਲਸੀ,
ਮੁਕਾਮੁ ਓਹੀ ਏਕੁ. ਸਿਰੀ, ੬੪.

505. The sky and the earth will pass away.
Then the One Alone will remain. Siri, 64.

240
GOD'S PLAY
ਰੱਬ ਦੀ ਖੇਡ

੫੦੬. ਸਚੀ ਤੇਰੀ ਕੁਦਰਤਿ,
ਸਚੇ ਪਾਤਿਸਾਹ ! ਆਸਾ, ੪੬੩.

506. Your entire creation
and Laws of Nature are real.
O True King ! Asa, 463.

241
GOD'S PLEASURE
ਰੱਬ ਦੀ ਖ਼ੁਸ਼ੀ, ਪ੍ਰਸੰਨਤਾ

੫੦੭. ਜੋ ਤਿਸੁ ਭਾਵੈ ਸੋਈ ਕਰਸੀ,
ਹੁਕਮੁ ਨ ਕਰਣਾ ਜਾਈ. ਜਪੁ, ੬.

507. God does and will do what pleases Him.
No one can say what He should do. Jap, 6.

੫੦੮. ਜੋ ਤੁਧੁ ਭਾਵੈ, ਸਾਈ ਭਲੀ ਕਾਰ. ਜਪੁ, ੪.

508. That alone is good which pleases God. Jap, 4.

੫੦੯. ਜੋ ਤਿਸੁ ਭਾਵੈ ਨਾਨਕਾ,
ਸਾਈ ਗਲ ਚੰਗੀ. ਤਿਲੰਗ, ੭੨੬.

509. Whatever pleases God,
is good and pleasant. Tilang, 726.

੫੧੦. ਜੇ ਤਿਸੁ ਭਾਵੈ ਦੇ ਵਡਿਆਈ,
ਜੇ ਭਾਵੈ ਦੇਇ ਸਜਾਇ. ਆਸਾ, ੪੧੭.

510. If it pleases God, He bestows glory
or awards punishment. Asa, 417.

੫੧੧. ਜੋ ਤਿਸੁ ਭਾਵੈ ਨਾਨਕਾ,
ਕਾਗਹੁ ਹੰਸੁ ਕਰੇਇ. ਸਿਰੀ, ੯੧.

511. God turns one who is pleasing to Him,
from a crow into a swan. Siri, 92.

੫੧੨. ਜੋ ਤਿਸੁ ਭਾਵੈ ਨਾਨਕਾ,
ਹੁਕਮੁ ਸੋਈ ਪਰਵਾਨੋ. ਸਿਰੀ, ੨੫.

512. Whatever pleases God's will,
that alone prevails. Siri, 25.

242

GOD'S PRAISE

ਰੱਬ ਦੀ ਸਿਫ਼ਤ-ਸਲਾਹ

੫੧੩. ...ਇਸੁ ਜਗ ਮਹਿ ਕਰਣੀ ਸਾਰੀ,
ਕਰਣੀ ਕੀਰਤਿ ਹੋਈ... ਸੋਰਠਿ, ੫੯੯.

513. The best of action, the purest deed,
to be done in this world,
is to sing the praise of God. Sorath, 599.

੫੧੪. ਸਿਫਤੀ ਗੰਢੁ ਪਵੈ ਦਰਬਾਰਿ. ਮਾਝ, ੧੪੩.

514. Our bond with the Court Divine is established
only through the singing of His praises. Majh, 143.

੫੧੫. ਜਿਸੁ ਨੋ ਬਖਸੇ ਸਿਫਤਿ ਸਾਲਾਹ,
ਨਾਨਕ ਪਾਤਿਸਾਹੀ ਪਾਤਿਸਾਹੁ. ਜਪੁ, ੫.

515. He on whom God bestows the gift of His praise,
is the king of kings. Jap, 5.

੫੧੬. ਕਰਣੀ ਕੀਰਤਿ, ਗੁਰਮਤਿ ਸਾਰੁ. ਪ੍ਰਭਾਤੀ, ੧੩੪੩.

516. Good conduct,
according to the Master's teaching,
is in itself a praise of God. Prabhati, 1343.

੫੧੭. ਨਾਨਕ ਭਗਤਾ ਭੁਖ ਸਾਲਾਹਣੁ,
ਸਚੁ ਨਾਮੁ ਆਧਾਰੁ. ਆਸਾ, ੪੬੬.

517. The hunger of the devotees is for the praise of God,
as His True Name is their sustenance. Asa, 466.

243

GOD'S PRICE/VALUE

ਰੱਬ ਦੀ ਕੀਮਤ, ਮੁੱਲ

੫੧੮. ...ਅਮੁਲੋ ਅਮੁਲੁ, ਆਖਿਆ ਨ ਜਾਇ,

ਆਖਿ ਆਖਿ, ਰਹੇ ਲਿਵ ਲਾਇ. ਜਪੁ, ੫.

518. Everything of God is priceless,
every attribute invaluable
and beyond description.
Those who try to describe Him
become lost for words. Jap, 5.

੫੧੯. ਨਾਨਕ ਕਾਗਦ ਲਖ ਮਣਾ,
ਪੜਿ ਪੜਿ ਕੀਚੈ ਭਾਉ;
ਮਸੂ ਤੋਟਿ ਨ ਆਵਈ,
ਲੇਖਣਿ ਪਉਣੁ ਚਲਾਉ;
ਭੀ ਤੇਰੀ ਕੀਮਤਿ ਨ ਪਵੈ,
ਹਉ ਕੇਵਡੁ ਆਖਾ ਨਾਉ. ਸਿਰੀ, ੧੫.

519. If I were to study thousands of learned books
and understand their entire import;
If I were to write with an ocean of ink
and with the speed of the wind;
I would still be unable, O God,
to estimate Your value
or say how great is Your Name. Siri, 15.

244
GOD'S PROVISION
ਰੱਬ ਦੀ ਰਸਦ-ਪੁਚਾਈ

੫੨੦. ਪਰੰਦਏ ਨ ਗਿਰਾਹ ਜਰ,
ਦਰਖਤ ਆਬ ਆਸ ਕਰ,
ਦਿਹੰਦ ਸੁਈ, ਏਕ ਤੁਈ, ਏਕ ਤੁਈ. ਮਾਝ, ੧੪੪.

520. Birds have no money
for the provision of anything.
They rest their hope
on natural water and trees.
God alone provides for them all.
He alone, yes, He the One. Majh, 144.

245
GOD'S SEAT
ਰੱਬ ਦਾ ਆਸਣ

੫੨੧. ਆਸਣੁ ਲੋਇ ਲੋਇ ਭੰਡਾਰ. ਜਪੁ, ੭.

521. God has His dwelling places
and stores everywhere. Jap, 7.

੫੨੨. ਏਕੋ ਰਵਿ ਰਹਿਆ ਸਭ ਥਾਈ
ਏਕੁ ਵਸਿਆ ਮਨ ਮਾਹੀ. ਆਸਾ, ੪੩੩.

522. The One God pervades everywhere.
He alone dwells in every soul. Asa, 433.

੫੨੩. ਕਰਿ ਆਸਣੁ ਡਿਠੋ ਚਾਉ. ਆਸਾ, ੪੬੩.

523. Seated within the universe,
God watches His creation with delight. Asa, 463

246
GOD'S SECOND
ਰੱਬ ਦਾ ਸਾਨੀ, ਜੋੜ

੫੨੪. ਦੂਜਾ ਕਉਣੁ ਕਹਾ ? ਨਹੀ ਕੋਈ.
ਸਭ ਮਹਿ ਏਕੁ, ਨਿਰੰਜਨੁ ਸੋਈ. ਗਉੜੀ ੨੨੩.

524. Whom should I call the second
when there is none other than God ?
He, the immaculate One, alone pervades all. Gauri, 223.

੫੨੫. ਜੋ ਅੰਤਰਿ ਸੋ ਬਾਹਰਿ ਦੇਖਹੁ,
ਅਵਰੁ ਨ ਦੂਜਾ ਕੋਈ ਜੀਉ.
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ,
ਘਟਿ ਘਟਿ ਜੋਤਿ ਸਮੋਈ ਜੀਉ. ਸੋਰਠਿ, ੫੯੯.

525. He who is within you,
view the same without,
There is no other besides Him.
By the Master's teaching,
know all existence to be one;
As His Light alone is pervasive in each being. Sorath, 599.

247
GOD'S SEPARATION
ਰੱਬ ਦਾ ਵਿਛੋੜਾ

੫੨੬. ਮੈ ਰੋਵੰਦੀ, ਸਭੁ ਜਗੁ ਰੁਨਾ,
ਰੁੰਨੜੇ ਵਣਹੁ ਪੰਖੇਰੂ,
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ,
ਜਿਨਿ ਹਉ ਪਿਰਹੁ ਵਿਛੋੜੀ. ੫੫੮.

526. Seeing me weeping, the whole world has wept,
even the birds in the woods have wept.
It was only my sense of separation,
which parted me from my Lord,
that did not join me in my weeping. Wadhans, 558.

੫੨੭. ਕਿਉ ਨ ਮਰੀਜੈ, ਜੀਅੜਾ ਨ ਦੀਜੈ,
ਜਾ ਸਹੁ ਭਇਆ ਵਿਡਾਣਾ ? ਵਡਹੰਸੁ, ੫੫੮.

527. Why do I not die and give up my life
when my spouse has forsaken me ? Wadhans, 558.

248

GOD'S SERVANT
ਰੱਬ ਦਾ ਸੇਵਕ

੫੨੮. ਸੋ ਸੇਵਕੁ ਸੇਵਾ ਕਰੇ,
ਜਿਸ ਨੋ ਹੁਕਮੁ ਮਨਾਇਸੀ.
ਹੁਕਮਿ ਮੰਨਿਐ ਹੋਵੈ ਪਰਵਾਣੁ,
ਤਾ ਖਸਮੈ ਕਾ ਮਹਲੁ ਪਾਇਸੀ. ਆਸਾ, ੪੭੧.

528. He alone serves God
whom God causes to abide by His order.
It is by obeying that,
he becomes approved
and is admitted to His palace. Asa, 471.

੫੨੯. ਸੇਵਕ ਸੇਵਹਿ, ਕਰਮਿ ਚੜਾਉ. ਆਸਾ, ੪੬੫.

529. God's servants are they
who serve Him with offerings of good deeds. Asa, 465.

੫੩੦. ਬੰਦੇ ਸੇ ਜਿ ਪਵਹਿ ਵਿਚਿ ਬੰਦੀ,
ਵੇਖਣ ਕਉ ਦੀਦਾਰੁ. ਆਸਾ, ੪੬੫.

530. God's true devotees are those
who adopt the way of submission
in order to have sight of Him. Asa, 465.

੫੩੧. ਸੇਵ ਕੀਤੀ ਸੰਤੋਖੀਈ, ਜਿਨੀ ਸਚੋ ਸਚੁ ਧਿਆਇਆ,
ਓਨੀ ਮੰਦੈ ਪੈਰੁ ਨ ਰਖਿਓ, ਕਰਿ ਸੁਕ੍ਰਿਤੁ ਧਰਮੁ ਕਮਾਇਆ.
ਓਨੀ ਦੁਨੀਆ ਤੋੜੇ ਬੰਧਨਾ, ਅੰਨੁ ਪਾਣੀ ਥੋੜਾ ਖਾਇਆ. ਆਸਾ, ੪੬੭.

531. The contented are they
who dwell upon none but the Truest of theTrue
and serve Him truly.
They do not tread the path of evil.
They do good and practise righteousness.
They loosen worldly bonds
and eat and drink in moderation. Asa, 467.

੫੩੨. ਵਖਤੁ ਵੀਚਾਰੇ, ਸੁ ਬੰਦਾ ਹੋਇ. ਸਿਰੀ, ੮੪.

532. He who uses his span of life rightly,
and contemplates his duty at the right time,
is the true servant of God. Sir, 84.

੫੩੩. ਸੇਵਾ ਕਰੇ, ਸੁ ਚਾਕਰੁ ਹੋਇ. ਸੂਹੀ, ੭੨੮.

533. He who serves God is His servant. Suhi, 728.

249
GOD'S SERVICE
ਰੱਬ ਦੀ ਸੇਵਾ

੫੩੪. ਅਬੇ ਤਬੇ ਕੀ ਚਾਕਰੀ, ਕਿਉ ਦਰਗਹ ਪਾਵੈ ?

ਪਥਰ ਕੀ ਬੇੜੀ ਜੇ ਚੜੇ, ਭਰ ਨਾਲਿ ਬੁਡਾਵੈ. ਆਸਾ, ੪੨੦.

534. None can reach the Lord's court

by serving all and sundry

(i.e. by believing in many gods.)

For, whoever boards a boat of stone,

must surely sink with it. Asa, 420.

੫੩੫. ਲਾਇ ਚਿਤੁ ਕਰਿ ਚਾਕਰੀ,

ਮੰਨਿ ਨਾਮੁ ਕਰਿ ਕੰਮੁ. ਸੋਰਠਿ, ੫੯੬.

535. Render service with devoted heart

and let faith in His Name be your vocation. Sorath, 596.

250
GOD'S SPOUSAL ENJOYMENT
ਰੱਬ ਦੀ ਸੇਜ-ਮਾਣਨੀ

੫੩੬. ਗੁਰਮੁਖਿ ਰਵਹਿ ਸੋਹਾਗਣੀ,

ਸੋ ਪ੍ਰਭੁ ਸੇਜ ਭਤਾਰੁ. ਸਿਰੀ, ੨੧.

536. God, the Spouse, enjoys on His couch

the love of only chaste and righteous wives Siri, 21.

251

GOD'S TRANSCENDENCE

ਰੱਬ ਦੀ ਸਰਵ-ਉੱਚਤਾ, ਅਪਰੰਪਰਤਾ

੫੩੭. ਕਥਨਾ ਕਥੀ ਨਾ ਆਵੈ ਤੋਟਿ,

ਕਥਿ ਕਥਿ ਕਥੀ, ਕੋਟੀ ਕੋਟਿ ਕੋਟਿ. ਜਪ, ੨.

537. There is no end to the ways

in which God has been described.

Yet all powers of expression have failed to

describe this Transcendent Lord;

Even though countless millions have tried

in millions of ways to tell or sing of Him. Jap, 2.

੫੩੮. ਵਡਾ ਸਾਹਿਬੁ, ਊਚਾ ਥਾਉ,

ਊਚੇ ਉਪਰਿ, ਊਚਾ ਨਾਉ.

ਏਵਡੁ ਊਚਾ ਹੋਵੈ ਕੋਇ,

ਤਿਸੁ ਊਚੇ ਕਉ ਜਾਣੈ ਸੋਇ.

ਜੇਵਡੁ ਆਪਿ, ਜਾਣੈ ਆਪਿ ਆਪਿ... ਜਪੁ, ੫.

538. God is great and His throne is very high.

His Name is higher than the highest.

One must be as high as He

to know how high He is.

He alone knows His height and greatness. Jap, 5.

252

GOD'S UNIQUE BESTOWAL

ਰੱਬ ਦੀ ਅਦੁੱਤੀ ਦਾਤ, ਬਖ਼ਸ਼ਸ਼

੫੩੯. ਨਾਨਕ ਨਿਰਗੁਣਿ ਗੁਣੁ ਕਰੇ,

ਗੁਣਵੰਤਿਆ ਗੁਣੁ ਦੇ;

ਤੇਹਾ ਕੋਇ ਨ ਸੁਝਈ,

ਜਿ ਤਿਸੁ ਗੁਣੁ ਕੋਇ ਕਰੇ. ਜਪੁ, ੨.

539. God is so merciful that

He bestows virtue on the repenting non-virtuous

and increases blessedness on the striving virtuous.

But I cannot think of any one

who can do Him any good in return.

253

GOD'S UNIQUE KINGSHIP

ਰੱਬ ਦੀ ਲਾਸਾਨੀ ਬਾਦਸ਼ਾਹੀ

੫੪੦. ਜੋ ਤਿਸੁ ਭਾਵੈ ਸੋਈ ਕਰਸੀ,

ਹੁਕਮੁ ਨ ਕਰਣਾ ਜਾਈ.

ਸੋ ਪਾਤਿਸਾਹੁ, ਸਾਹਾ ਪਾਤਿਸਾਹਿਬੁ,

ਨਾਨਕ ਰਹਣੁ ਰਜਾਈ. ਜਪੁ, ੬.

540. God ordains as He wishes.

No one can order what he should do.

For, He is the King, the King of Kings;

and we are only to live as He wills. Jap, 6.

254

GOD'S WILL

ਰੱਬ ਦੀ ਰਜ਼ਾ, ਭਾਣਾ

੫੪੧. ਜਿਉ ਸਾਹਿਬੁ ਰਾਖੈ, ਤਿਉ ਰਹੈ. ਸਿਰੀ, ੨੫.

541. Men should live, as God wills. Siri, 25.

੫੪੨. ਜੋ ਕਿਛੁ ਵਰਤੈ, ਸਭ ਤੇਰੀ ਰਜਾਇ. ਗਉੜੀ, ੧੫੧.

542. Whatever happens, is all in Your will. Gauri, 151.

੫੪੩. ਹੁਕਮਿ ਰਜਾਈ ਜੋ ਚਲੈ,
ਸੋ ਪਵੈ ਖਜਾਨੈ. ਆਸਾ, ੪੨੧.

543. He who submits to the will of God,
is accepted and treasured by Him. Asa, 421.

੫੪੪. ਬੰਦਿ ਖਲਾਸੀ, ਭਾਣੈ ਹੋਇ,
ਹੋਰੁ ਆਖਿ ਨ ਸਕੈ ਕੋਇ. ਜਪੁ, ੫.

544. Liberation from bondage
comes by God's grace.
None else has any say (i.e. can intercede) in this. Jap, 5.

੫੪੫. ਤਾ ਕਉ ਬਿਘਨੁ ਨ ਲਾਗਈ,
ਚਾਲੈ ਹੁਕਮਿ ਰਜਾਈ. ਆਸਾ, ੪੨੧.

545. He who walks in the will of God,
faces no impendiment. Asa, 421.

੫੪੬. ਜੋ ਤਿਸੁ ਭਾਵੈ ਸੋ ਥੀਐ,
ਨਾਨਕ ਕਿਆ ਮਾਨੁਖ ! ਆਸਾ, ੪੧੭

546. That alone happens which pleases God.
Nothing is in the hands of man
who is completely helpless. Asa, 417.

੫੪੭. ਜੋ ਤਿਸੁ ਭਾਣਾ ਸੋਈ ਹੂਆ.
ਅਵਰੁ ਨ ਕਰਣੈ ਵਾਲਾ ਦੂਆ. ਗਉੜੀ, ੧੫੪.

547. Whatever God willed, has come to pass;
For, there is no other Doer except Him. Gauri, 154

੫੪੮. ਹੁਕਮਿ ਰਜਾਈ ਸਾਖਤੀ,
ਦਰਗਹ ਸਚੁ ਕਬੂਲੁ. ਮਾਰੂ, ੧੦੯੦.

548. One is approved only if one submits oneself
to the will of the Lord-commandant
in whose court only Truth is accepted. Maru, 1090.

੫੪੯. ਸੋ ਕਰੇ ਜਿ ਤਿਸੈ ਰਜਾਇ. ਆਸਾ, ੪੭੫.

549. God does whatever He wills. Asa, 475.

੫੫੦. ਹੁਕਮੇ ਆਵੈ, ਹੁਕਮੇ ਜਾਇ.
ਆਗੋ ਪਾਛੈ ਹੁਕਮਿ ਸਮਾਇ. ਗਉੜੀ, ੧੫੧.

550. Man comes and goes by God's will
which pervades everywhere and everything
for all time. Gauri, 151.

੫੫੧. ਦੁਖੁ ਸੁਖੁ ਭਾਣੈ ਤਿਸੈ ਰਜਾਇ. ਗਉੜੀ, ੨੨੩.

551. Pain and pleasure are part of God's will. Gauri, 223.

255

GOD'S WORD, REVEALED WORD

ਰੱਬ ਦੀ ਬਾਣੀ; ਸ਼ਬਦ; ਇਲਹਾਮ

੫੫੨. ਇਹ ਬਾਣੀ ਮਹਾ ਪੁਰਖ ਕੀ,
ਨਿਜ ਘਰਿ ਵਾਸਾ ਹੋਇ. ਰਾਮਕਲੀ, ੯੩੫

552. This Word is of the Supreme Being.
It enables one to obtain peace within one's self.
Ramkali, 935.

੫੫੩. ਬਾਣੀ ਬਿਰਲਉ ਬੀਚਾਰਸੀ... ਰਾਮਕਲੀ, ੯੩੫.

553. Rare is the one
who reflects on God's Word. Ramkali, 935.

੫੫੪. ਸਾਚੀ ਬਾਣੀ ਸਿਉ ਧਰੇ ਪਿਆਰੁ,
ਤਾ ਕੋ ਪਾਵੈ ਮੋਖ ਦੁਆਰੁ. ਧਨਾਸਰੀ, ੬੬੧.

554. He who loves God's True Word
will reach the gate of salvation. Dhanasri, 661.

੫੫੫. ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ, ਵੇ ਲਾਲੋ ! ਤਿਲੰਗ, ੭੨੨.

555. As the Word of the Lord descends to me,
so I make it known, O Lalo ! Tilang, 722.

256

GOD'S WORKS

ਰੱਬ ਦੇ ਕੰਮ-ਕਾਰ

੫੫੬. ਨਾਨਕ ਸਚੇ ਕੀ ਸਾਚੀ ਕਾਰ. ਜਪੁ, ੭.

556. True He is,
True are his works. Jap, 7.

੫੫੭. ਅੰਤੁ ਨ ਕਰਣੈ, ਦੇਣਿ ਨ ਅੰਤੁ. ਜਪੁ, ੫.

557. There is no limit to God's works,
There is no end to His gifts. Jap, 5.

257

GOD'S WRIT

ਰੱਬ ਦੀ ਲਿਖਤ, ਪਰਵਾਨਾ

੫੫੮. ਸਰਬ ਜੀਆ ਸਿਰਿ ਲੇਖੁ ਧੁਰਾਹੁ,
ਬਿਨੁ ਲੇਖੈ ਨਹੀ ਕੋਈ ਜੀਉ, ਸੋਰਠਿ, ੫੯੮.

558. The Lord's writ is over the heads of all.
There is none over whom this writ is not effective. Sorath, 598.

੫੫੯. ਪੂਰਬਿ ਲਿਖਿਆ ਕਿਉ ਮੇਟੀਐ
ਲਿਖਿਆ ਲੇਖੁ ਰਜਾਇ. ਸਿਰੀ, ੫੯.

559. The writ of a human's fate,
written before he is born
and scribed under God's own will,
cannot be obliterated without His grace. Siri, 59.

੫੬੦. ਲੇਖੁ ਨ ਮਿਟਈ ਹੇ ਸਖੀ !
ਜੋ ਲਿਖਿਆ ਕਰਤਾਰਿ. ਰਾਮਕਲੀ, ੯੩੭.

560. The writ, as inscribed by the Creator,
cannot be effaced (without His grace),
O friend ! Ramkali, 937.

੫੬੧. ਜੀਅ ਉਪਾਇ, ਰਿਜਕੁ ਦੇ ਆਪੇ;
ਸਿਰਿ ਸਿਰਿ ਹੁਕਮੁ ਚਲਾਇਆ. ਮਾਰੂ, ੧੦੪੨.

561. God Himself creates and sustains all creatures,
and His writ runs over one and all. Maru, 1042.

੫੬੨. ਕਿਰਤੁ ਪਇਆ, ਕਰਤੈ ਕਰਿ ਪਾਇਆ,
ਮੇਟਿ ਨ ਸਕੈ ਕੋਈ. ਸੂਹੀ, ੭੬੩.

562. None, except God,
can erase the effect of our past deeds,
already recorded by God Himself. Suhi, 763.

੫੬੩. ਨਾਨਕ ਲਿਖਿਆ ਪਾਈਐ... ਆਸਾ, ੪੧੮.

563. Man receives only as much as is written in his lot
by God Himself. Asa, 418.

੫੬੪. ਸਭੁ ਹੁਕਮੋ ਵਰਤੈ, ਹੁਕਮਿ ਸਮਾਇ. ਬਸੰਤ, ੧੧੮੮.

564. God's writ runs over all
and all merge in His will. Basant, 1188.

XIV
258
(THE) GODLY AND THE WORLDLY
ਸਾਧੂ ਤੇ ਸੰਸਾਰੀ

੫੬੫. ਭਗਤਾ ਤੈ ਸੈਸਾਰੀਆ,

ਜੋੜੁ ਕਦੇ ਨ ਆਇਆ. ਮਾਝ, ੧੪੫.

565. God's devotees and worldlings

can never join in companionship. Majh, 145.

XV
259
GODS AND GODDESSES
ਦੇਵਤੇ ਅਤੇ ਦੇਵੀਆਂ

੫੬੬. ਦੇਵੀ ਦੇਵਾ ਪੂਜੀਐ ਭਾਈ !

ਕਿਆ ਮਾਗਉ ਕਿਆ ਦੇਹਿ ?

ਪਾਹਣੁ ਨੀਰਿ ਪਖਾਲੀਐ ਭਾਈ !

ਜਲ ਮਹਿ ਬੂਡਹਿ ਤੇਹਿ. ਸੋਰਠਿ, ੬੩੭.

566. What can one expect

from the worship of gods and goddesses ?

What can one ask of them

and what can they possibly give ?

These stone-gods that are washed with water,

also sink in water.

How can they that sink in water,

ferry others across the Ocean of Existance ? Sorath, 637.

260
GODS AND SEERS
ਦੇਵਤੇ ਅਤੇ ਰਿਸ਼ੀ-ਮੁੰਨੀ

੫੬੭. ਬ੍ਰਹਮਾ, ਬਿਸਨੁ, ਰਿਖੀ, ਮੁਨੀ,
ਸੰਕਰੁ, ਇੰਦੁ, ਤਪੈ, ਭੇਖਾਰੀ.
ਮਾਨੈ ਹੁਕਮੁ, ਸੋਹੈ ਦਰਿ ਸਾਚੈ;
ਆਕੀ ਮਰਹਿ ਅਫਾਰੀ. ਮਾਰੂ, ੯੯੨.

567. Brahma, Vishnu, Shiva and Indra
and those seers, sages, asceties and mendicants,
who obey the command of God,
are honoured in His court.
But they who disobey Him,
are surely destroyed by Him. Maru, 992.

261
GOLDEN WAY
ਸੁਨਹਿਰੀ ਰਾਹ

੫੬੮. ਕੁਬੁਧਿ ਮਿਟੈ, ਗੁਰ ਸਬਦੁ ਬੀਚਾਰਿ,
ਸਤਿਗੁਰੁ ਭੇਟੈ, ਮੋਖ ਦੁਆਰ...
ਮਾਨੈ ਹੁਕਮੁ, ਸਭੇ ਗੁਣ ਗਿਆਨੁ,
ਨਾਨਕ ਦਰਗਹ ਪਾਵੈ ਮਾਨੁ. ਰਾਮਕਲੀ, ੯੪੪.

568. By contemplating on the Guru's Word,
foul understanding is effaced
By meeting the True Guru,
the door to salvation is visualised.
By submitting to the will of God
man is blessed with all virtues and wisdom,
and is honoured at His portal. Ramkali, 944.

262

GOOD AND BAD

ਚੰਗਾ ਤੇ ਮੰਦਾ

੫੬੯. ਹਮ ਨਹੀ ਚੰਗੇ, ਬੁਰਾ ਨਹੀ ਕੋਇ.

ਪ੍ਰਣਵਤਿ ਨਾਨਕੁ ਤਾਰੇ ਸੋਇ. ਸੂਹੀ, ੭੨੮.

569. As we lack merit so do others.

Hence, no one is altogether meritless.

God alone can make all

swim across the Ocean of Existence. Suhi, 728.

੫੭੦. ਮੰਦਾ ਕਿਸੈ ਨ ਆਖੀਐ... ਆਸਾ, ੪੭੩.

570. Call no one bad. Asa, 473.

੫੭੧. ਮੰਦਾ ਕਿਸੈ ਨ ਆਖਿ,

ਝਗੜਾ ਪਾਵਣਾ. ਵਡਹੰਸੁ, ੫੬੬.

571. Do not pick a quarrel

by speaking ill of anyone. Wadhans, 566.

੫੭੨. ਜੇ ਤੁਧੁ ਭਾਵੈ ਸਾਈ ਭਲੀ ਕਾਰ. ਜਪੁ, ੪.

572. That alone is good which pleases God. Jap, 4.

੫੭੩. ਅੰਦਰਹੁ ਝੂਠੇ ਪੈਜ ਬਾਹਰਿ,

ਦੁਨੀਆ ਅੰਦਰਿ ਫੈਲੁ.

ਅਠਸਠਿ ਤੀਰਥ *ਜੇ ਨਾਵਹਿ,

ਉਤਰੈ ਨਾਹੀ ਮੈਲੁ. ਆਸਾ, ੪੭੩.

573. Those who are false from within

but outworldly keep pose of virtue

and flaunt themselves before the world,

will never get their impurity washed off,

Even if they bathe

at the sixty-eight places of pilgrimage*. Asa,473.

੫੭੪. ਜਿਨ ਪਟੁ ਅੰਦਰਿ ਬਾਹਰਿ ਗੁਦੜੁ,

ਤੇ ਭਲੇ ਸੰਸਾਰਿ. ਆਸਾ, ੪੭੩.

574. They who have silk within and rags without

are the good ones of the world. Asa, 473.

੫੭੫. ਊਤਮ ਸੇ ਦਰਿ ਊਤਮ ਕਹੀਅਹਿ,

ਨੀਚ ਕਰਮ ਬਹਿ ਰੋਇ. ਸਿਰੀ, ੧੫.

575. Good are they who are so adjudged at God's gate.

The evil-doers can only sit outside and cry. Siri, 15.

੫੭੬. ਹੁਕਮੀ ਉਤਮੁ ਨੀਚੁ... ਜਪੁ, ੧.

576. High and low come to be so by His will. Jap, 1.

੫੭੭. ਭਾਵੈ ਚੰਗਾ ਭਾਵੈ ਮੰਦਾ,

ਜੈਸੀ ਨਦਰਿ ਤੁਮਾਰੀ. ਬਸੰਤ, ੧੧੯੧.

577. One becomes good or bad

in accordance with God's will. Basant, 1191.

---

੫੭੩ Sixty-eight holy places of pilgrimage of the Hindus, situated mostly on the banks of Indian rivers.

263

GOOD COMPANY/SOCIETY

ਸੰਗਤ, ਨੇਕ ਸੁਹਬਤ

੫੭੮. ਊਤਮੁ ਸੰਗਤਿ, ਊਤਮੁ ਹੋਵੈ.
ਗੁਣ ਕਉ ਧਾਵੈ, ਅਵਗੁਣ ਧੋਵੈ. ਆਸਾ, ੪੧੪.

578. Man is ennobled in noble company.
While striving for merits,
he washes of his demerits. Asa, 414.

੫੭੯. ਜਿਨ ਕੈ ਮਨਿ, ਵਸਿਆ ਸਚੁ ਸੋਈ.
ਤਿਨ ਕੀ ਸੰਗਤਿ, ਗੁਰਮੁਖਿ ਹੋਈ. ਗਉੜੀ, ੨੨੮.

579. The company of those
who cherish the True Lord within,
turns mortals into holy beings. Gauri, 228.

264

GOOD CONDUCT

ਸੁਭ ਕਰਮ, ਕਰਣੀ

੫੮੦. ਕਰਣੀ ਕੀਰਤਿ ਗੁਰਮਤਿ ਸਾਰੁ. ਪ੍ਰਭਾਤੀ, ੧੩੪੩.

580. Divine laudation is the purest action,
according to the Guru's teaching,

੫੮੧. ਜਹ ਕਰਣੀ, ਤਹ ਪੂਰੀ ਮਤ.
ਕਰਣੀ ਬਾਝਹੁ, ਘਟੇ ਘਟਿ. ਸਿਰੀ, ੨੫.

581. Where conduct is good, understanding is perfect.
Without good conduct, it is less and less.
Siri, 25.

265
GOOD DEEDS
ਸ਼ੁਭ ਕਰਮ, ਆਚਾਰ-ਵਿਹਾਰ, ਵਤੀਰਾ

੫੮੨. ਵਿਣੁ ਕਰਮਾ ਕਿਛੁ ਪਾਈਐ ਨਾਹੀ,
ਜੇ ਬਹੁਤੇਰਾ ਧਾਵੈ. ਤਿਲੰਗ, ੭੨੨
582. Nothing can be obtained without good deeds,
though one may run about a great deal. Tilang, 722.

੫੮੩. ਜਪਹੁ ਤ ਏਕੋ ਨਾਮਾ,
ਅਵਰਿ ਨਿਰਾਫਲ ਕਾਮਾ. ਸੂਹੀ, ੭੨੮.
583. Dwell only on God's Name,
dwelling on any other than this is fruitless. Suhi, 728.

੫੮੪. ਸੇਵਕ ਸੇਵਹਿ, ਕਰਮ ਚੜਾਉ. ਆਸਾ, ੪੬੫.
584. They alone are true servants of God
who serve Him
with the offerings of good deeds. Asa, 465.

266
GOOD TURN
ਭਲਾਈ, ਨੇਕੀ

੫੮੫. ਜੇ ਕੋ ਏਕ ਕਰੈ ਚੰਗਿਆਈ,
ਮਨਿ ਚਿਤਿ ਬਹੁਤੁ ਬਫਾਵੈ.
ਏਤੇ ਗੁਣ, ਏਤੀਆ ਚੰਗਿਆਈਆ,
ਦੇਇ ਨ ਪਛੋਤਾਵੈ. ਪ੍ਰਭਾਤੀ, ੧੩੨੮.
585. If one happens to do a good turn to another,
one feels proud and makes much of it.
But God who bestows so much merit
and does countless good,
Does all this graciously
and never refers to it afterwards. Prabhati, 1328.

267

GRATITUDE

ਸ਼ੁਕਰਾਨਾ, ਧੰਨਵਾਦ

੫੮੬. ਜਿਸ ਦਾ ਦਿਤਾ ਖਾਵਣਾ,

ਤਿਸੁ ਕਹੀਐ ਸਾਬਾਸਿ. ਆਸਾ, ੪੭੪.

586. Let us say "All Hail" to Him

who gives us all that we eat. Asa, 474.

268

(THE) GREAT PERSON

ਪਰਧਾਨ, ਮਹਾਨ ਪੁਰਖ

੫੮੭. ਸਚੁ ਵਰਤੁ, ਸੰਤੋਖੁ ਤੀਰਥੁ,

ਗਿਆਨੁ ਧਿਆਨੁ ਇਸਨਾਨੁ.

ਦਇਆ ਦੇਵਤਾ, ਖਿਮਾ ਜਪਮਾਲੀ,

ਤੇ ਮਾਣਸ ਪਰਧਾਨ. ਸਾਰੰਗ, ੧੨੪੫.

587. He alone is great

who cherishes Truth as fasting,

contentment as pilgrimage,

wisdom and contemplation as ablution,

compassion as a god

and forgiveness as his prayer-beads. Sarang, 1245.

269

GREATEST GIFT

ਸਰੇਸ਼ਟ ਸੁਗਾਤ

੫੮੮. ਨਾਉ ਨੀਰੁ ਚੰਗਿਆਈਆ,
ਸਤੁ ਪਰਮਲੁ ਤਨਿ ਵਾਸੁ.
ਤਾ ਮੁਖੁ ਹੋਵੈ ਉਜਲਾ,
ਲਖ ਦਾਤੀ ਇਕ ਦਾਤਿ. ਸਿਰੀ, ੧੬.

588. By dwelling on the Name,
bathing in the water of virtue
and imbibing the fragrance of righteousness,
the face lights up and reflects an inner glory.
This is the gift of a million of gifts. Siri, 16.

270

GREED

ਲਾਲਚ

੫੮੯. ਲਾਲਚੁ ਛੋਡਹੁ ਅੰਧਿਹੋ !
ਲਾਲਚਿ ਦੁਖੁ ਭਾਰੀ. ਆਸਾ, ੪੧੯.

589. Abandon greed, O blind-in-greed !
as greed is the cause of immense grief. Asa, 419.

੫੯੦. ਲਾਲਚ ਛੋਡਿ ਰਚਹੁ ਅਪਰੰਪਰਿ,
ਇਉ ਪਾਵਹੁ ਮੁਕਤਿ ਦੁਆਰਾ ਹੇ. ਮਾਰੂ, ੧੦੩੦.

590. Lay aside your greed
and love the Infinite Lord
So that you may find thereby,
the door of salvation. Maru, 1030.

271
GREEDY
ਲਾਲਚੀ

੫੯੧. ਲਬੁ ਅਧੇਰਾ ਬੰਦੀਖਾਨਾ,
ਅਉਗਣ ਪੈਰਿ ਲੁਹਾਰੀ. ਬਸੰਤੁ, ੧੧੯੧.

591. Greed is like a dark prison
and vice is like a fetter round one's ankle. Basant, 1191.

੫੯੨. ਬੈ ਮਾਲੈ ਘੁਲਿ ਮਿਲਿ ਮਿਚਲਿ,
ਊਂਘੈ ਸਉੜਿ ਪਲੰਘੁ. ਮਲਾਰ, ੧੨੮੮.

592. Greed merges with the wealthy as naturally
as one feeling sleepy may fall to asleep
even on a narrow bed.
Malar, 1288.

272
GUESTS
ਪਰਾਹੁਣੇ, ਮਹਿਮਾਨ, ਅਤਿਥੀ

੫੯੩. ਧਨੁ, ਜੋਬਨੁ ਅਰੁ ਫੁਲੜਾ,
ਨਾਠੀਅੜੇ ਦਿਨ ਚਾਰਿ. ਸਿਰੀ, ੨੩.

593. Riches, beauty and flowers
all are guests for only a few days. Siri, 23.

273
GUISE, COLOUR AND CASTE
ਭੇਖ, ਵਰਣ ਤੇ ਜਾਤ

੫੯੪. ਭੇਖ ਵਰਨ ਦੀਸਹਿ ਸਭਿ ਖੇਹ. ਆਸਾ, ੩੫੨.

594. All garbs and castes
are as irrelevancies Asa, 352.

I

274

GURU (ENLIGHTENER/DIVINE PRECEPTOR)

ਗੁਰੂ, ਸਤਿਗੁਰੂ

ੳ੯੫. ਗੁਰ ਪ੍ਰਸਾਦਿ. ਮੂਲ-ਮੰਤਰ, ੧.

595. God is made known to human
by the grace of the Guru, the Enlightener. Invocation, 1.

੫੯੬. ਬਾਝੁ ਗੁਰੂ ਗੁਬਾਰੁ ਹੈ,
ਬਿਨੁ ਸਬਦੈ ਬੂਝ ਨ ਪਾਇ. ਸਿਰੀ, ੫੫.

596. Without the Guru, all is darkness.
Without the Word, we do not realise it. Siri, 55.

੫੯੭. ਜਿਸੁ ਗੁਰੁ ਮਿਲੈ, ਸੋਈ ਬਿਧਿ ਜਾਣੈ,
ਗੁਰਮਤਿ ਹੋਇ ਤ, ਹੁਕਮੁ ਪਛਾਣੈ. ਰਾਮਕਲੀ, ੯੦੪.

597. He alone knows the right way
who meets the Guru,
And blessed with his guidance,
realises the Divine Ordinance. Ramkali, 904.

੫੯੮. ਸਬਦੁ ਗੁਰੂ, ਸੁਰਤਿ ਧੁਨਿ ਚੇਲਾ. ਰਾਮਕਲੀ, ੯੪੩.

598. God's Word is the Guru.
And the mind attuned to it is the disciple. Ramkali, 943.

੫੯੯. ਬਿਨੁ ਗੁਰ ਭਗਤਿ ਨ ਭਾਉ ਹੋਇ,
ਬਿਨੁ ਗੁਰ ਸੰਤ ਨ ਸੰਗੁ ਦੇਇ.
ਬਿਨੁ ਗੁਰ ਅੰਧੁਲੇ ਧੰਧੁ ਰੋਇ,
ਮਨੁ ਗੁਰਮੁਖਿ ਨਿਰਮਲੁ, ਮਲੁ ਸਬਦਿ ਖੋਇ. ਬਸੰਤ, ੧੧੭੦.

599. Without the Guru,
there can be no bhakti, no love
and no access to the company of saints.
Without the Guru,
one blindly engages in futile endeavour.
But with the Guru, one's mind becomes purified;
For, its filth is purged by means of the Word. Basant, 1170.

੬੦੦. ਗੁਰੁ ਦੇਵਾ, ਗੁਰੁ ਅਲਖ ਅਭੇਵਾ,
ਤ੍ਰਿਭਵਣ ਸੋਝੀ, ਗੁਰ ਕੀ ਸੇਵਾ. ਭੈਰਉ, ੧੧੨੫.

600. The Guru is God, ineffable, unseeable.
He who follows the Guru may comprehend
the nature of the universe. Bhairo, 1125

II

275

GURU : THE LADDER

ਗੁਰ-ਪਉੜੀ

੬੦੧. ਗੁਰੁ ਪਉੜੀ, ਬੇੜੀ ਗੁਰੂ,
ਗੁਰੁ ਤੁਲਹਾ, ਹਰਿਨਾਉ. ਸਿਰੀ, ੧੭.

601. The Guru is the ladder, the boat, the raft
by means of which one may attain to God. Siri, 17.

੬੦੨. ...ਗੁਰ ਪਉੜੀ ਨਿਜ ਥਾਨੁ. ਮਲਾਰੁ, ੧੨੭੯.

602. The Guru is the ladder
by which the self is reached. (i.e. realised.).Malar, 1279.

276

GURU : THE RIVER

ਗੁਰ-ਦਰੀਆਉ

੬੦੩. ਗੁਰੁ ਦਰੀਆਉ ਸਦਾ ਜਲੁ ਨਿਰਮਲੁ,
ਮਿਲਿਆ ਦੁਰਮਤਿ ਮੈਲੁ ਹਰੈ.
ਸਤਿਗੁਰਿ ਪਇਐ ਪੂਰਾ ਨਾਵਣੁ,.
ਪਸੂ ਪਰੇਤਹੁ ਦੇਵ ਕਰੈ. ਪ੍ਰਭਾਤੀ, ੧੩੨੯.

603. The Guru is as a river perennialy full of holy water
by bathing in which,
man is rid of the impurity of his foul understanding.
The perfect holy bath lies, therefore,
in meeting the True Guru
who then turns man's beast-and-goblin nature
into that of the angelic beings. Prabhati, 1329.

277

GURU : THE SOURCE OF LOVE

ਗੁਰੂ : ਪ੍ਰੀਤ ਦਾ ਸੋਮਾ

੬੦੪. ਬਿਨੁ ਗੁਰ ਪ੍ਰੀਤਿ ਨ ਊਪਜੈ,
ਹਉਮੈ ਮੈਲ ਨਾ ਜਾਇ. ਸਿਰੀ, ੬੦.

604. Without the Guru,
the love of God does not rise in our hearts
And the dirt of ego is not wahsed away. Siri, 60.

III

278

GURU'S SERVICE

ਗੁਰੂ ਦੀ ਸੇਵਾ

੬੦੫. ਗੁਰ ਕੀ ਸੇਵਾ ਸੋ ਕਰੇ,
ਜਿਸੁ ਆਪਿ ਕਰਾਏ. ਆਸਾ, ੪੨੧.

605. He alone serves the Guru
who is brought to do so by the Lord Himself. Asa, 421.

279

GURU'S TEACHING

ਗੁਰੂ ਦਾ ਉਪਦੇਸ਼, ਸਿੱਖਿਆ

੬੦੬. ਸਭ ਮਹਿ ਜੋਤਿ, ਜੋਤਿ ਹੈ ਸੋਇ,
ਤਿਸ ਕੈ ਚਾਨਣਿ, ਸਭ ਮਹਿ ਚਾਨਣੁ ਹੋਇ;
ਗੁਰ ਸਾਖੀ ਜੋਤਿ ਪਰਗਟੁ ਹੋਇ. ਧਨਾਸਰੀ, ੬੬੩.

606. There is Light among all
and that Light is God's Ownself
which pervades and enlightens everyone.
But it becomes manifest only
through the teaching
and guidance of the Guru. Dhanasri, 663.

280
GURU'S WORD
ਗੁਰੂ ਦਾ ਵਾਕ/ਸ਼ਬਦ/ਬਾਣੀ

੬੦੭. ਗੁਰ ਵਾਕੁ ਨਿਰਮਲੁ,
ਸਦਾ ਚਾਨਣੁ... ਧਨਾਸਰੀ, ੬੮੭.

607. The Guru's Word is ever-pure
and ever-illuminating. Dhanasri, 687.

੬੦੮. ਜਗ ਮਹਿ ਲਾਹਾ ਏਕੁ ਨਾਮੁ;
ਪਾਈਐ ਗੁਰ ਵੀਚਾਰਿ. ਸਿਰੀ, ੫੫.

608. The only profit to be earned in this world
is the Name of God.
This can be earned only
by dwelling on the Guru's Word and teaching. Siri, 55.

੬੦੯. ਰੂੜੀ ਬਾਣੀ, ਹਰਿ ਪਾਇਆ,
ਗੁਰ ਸਬਦੀ ਬੀਚਾਰਿ. ਰਾਮਕਲੀ, ੯੩੬.

609. Beauteous is the Guru's Word
by contemplation of which
God is attained. Ramkali, 936.

੬੧੦. ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ;
ਗੁਰਮੁਖਿ ਅਕਥ ਕਹਾਨੀ. ਰਾਮਕਲੀ, 879.

610. Such is the inexpressible tale of the Guru's Word
that its melody leads to concentration.
and concentration leads to knowledge. Ramkali, 879.

281
GURU'S WORD OR ACTION
ਗੁਰੂ ਦੀ ਕਥਨੀ ਜਾਂ ਕਰਨੀ

੬੧੧. ਗੁਰ ਕਹਿਆ ਸਾ ਕਾਰ ਕਮਾਵਹੁ,
ਗੁਰ ਕੀ ਕਰਣੀ ਕਾਹੇ ਧਾਵਹੁ ? ਰਾਮਕਲੀ, ੯੩੩.

611. Act as directed by the Guru.
You need not rush to cavil at his actions. Ramkali, 933.

I

282

GURU NANAK DEV : ABOUT HIMSELF

ਗੁਰੂ ਨਾਨਕ ਦੇਵ : ਆਪਣੇ ਬਾਰੇ

੬੧੨. ਪੰਚ ਤਤ ਕਾ ਪੁਤਲਾ,
ਨਾਨਕ ਮੇਰਾ ਨਾਉ. ਜਨਮਸਾਖੀ

612. I am a puppet
compounded of five elements.
My name is Nanak. Janam-sakhi.

੬੧੩. ਭਇਆ ਦਿਵਾਨਾ ਸਾਹ ਕਾ, ਨਾਨਕੁ ਬਉਰਾਨਾ.
ਹਉ ਹਰਿ ਬਿਨੁ, ਅਵਰੁ ਨ ਜਾਨਾ । ਮਾਰੂ, ੯੯੧.

613. I, insane Nanak, am mad
after the Divine King.
I have become crazy after Him
and I recognise none other than Him. Maru, 991.

II

283

GURU NANK DEV : BARD/MINSTREL OF THE LORD

ਗੁਰੂ ਨਾਨਕ ਦੇਵ : ਰੱਬ ਜੀ ਦੇ ਢਾਢੀ

੬੧੪. ਹਉ ਢਾਢੀ ਵੇਕਾਰੁ,
ਕਾਰੈ ਲਾਇਆ. ਮਾਝ, ੧੫੦.

614. I was a bard out of work.
God blessed me with His service. Majh, 150.

੬੧੫. ਨਾਨਕ ਸਚੁ ਸਾਲਾਹਿ,
ਪੂਰਾ ਪਾਇਆ. ਮਾਝ, ੧੫੦.

615. By praising the True One
and adoring the Eternal Truth,
I have attained to the Perfect Lord. Majh, 150.

੬੧੬. ਹਉ ਢਾਢੀ ਕਾ ਨੀਚ ਜਾਤਿ,
ਹੋਰਿ ਉਤਮ ਜਾਤਿ ਸਦਾਇਦੇ.
ਤਿਨ ਮੰਗਾ ਜਿ ਤੁਝੈ ਧਿਆਇਦੇ. ਆਸਾ, ੪੬੮.

616. I am God's minstrel of a low caste,
others claim to be of higher castes.
But I seek only the company of those
who meditate on You, O Lord ! Asa, 468.

284

GURU NANAK DEV : BEGGAR OF LORD'S VISION

ਗੁਰੂ ਨਾਨਕ ਦੇਵ : ਰੱਬੀ ਦੀਦਾਰ ਦੇ ਭੀਖਕ

੬੧੭. ਭਉ ਤੇਰਾ ਭਾਂਗ, ਖਲੜੀ ਮੇਰਾ ਚੀਤੁ,
ਮੈ ਦੇਵਾਨਾ ਭਇਆ ਅਤੀਤੁ.
ਕਰ ਕਾਸਾ ਦਰਸਨ ਕੀ ਭੂਖ,
ਮੈ ਦਰਿ ਮਾਗਉ ਨੀਤਾ ਨੀਤ.
ਤਉ ਦਰਸਨ ਕੀ ਕਰਉ ਸਮਾਇ,
ਮੈ ਦਰਿ ਮਾਗਤੁ ਭੀਖਿਆ ਪਾਇ. ਤਿਲੰਗ, ੭੨੧.

617. Your fear, O God, is my hemp-drug
and my mind is the leather pouch which holds it.
I have turned mad through this intoxication
and have become an anchorite.
With my hands as the begging bowl,
I hunger for nothing but Your sight
which I beg, day after day, at Your door.
Bless me Lord with Your gracious glance
as I call like a beggar at Your portal.
Pray dole out this charity to me. Tilang, 721.

285

GURU NANAK DEV : BELIEVER IN LORD'S IMMANENCE

ਗੁਰੂ ਨਾਨਕ ਦੇਵ : ਰੱਬ ਜੀ ਦੀ ਸਰਬ-ਵਿਆਪਕਤਾ ਦੇ ਵਿਸ਼ਵਾਸ਼ੀ

੬੧੮. ਦੂਰਿ ਨ ਜਾਨਾ, ਅੰਤਰਿ ਮਾਨਾ,
ਹਰਿ ਕਾ ਮਹਲੁ ਪਛਾਨਾ. ਤੁਖਾਰੀ, ੧੧੦੮.

618. I know that You are not far away.
I believe that You are within
and I know Your mansion too. Tukhari, 1108.

੬੧੯. ਤੂੰ ਸਭਨੀ ਥਾਈ, ਜਿਥੈ ਹਉ ਜਾਈ,
ਸਾਚਾ ਸਿਰਜਣਹਾਰੁ ਜੀਉ. ਆਸਾ, ੪੩੮.

619. You exist everywhere.
Wherever I go I find You, O our True Creator ! Asa, 438

286

GURU NANAK DEV : SLAVE OF THE LORD

ਗੁਰੂ ਨਾਨਕ ਦੇਵ : ਰੱਬ ਜੀ ਦੇ ਸੇਵਕ, ਗੋਲੇ, ਗ਼ੁਲਾਮ

੬੨੦. ਅਪੁਨੇ ਠਾਕੁਰ ਕੀ ਹਉ ਚੇਰੀ;
ਚਰਨ ਗਹੇ ਜਗਜੀਵਨ ਪ੍ਰਭ ਕੇ,
ਹਉਮੈ ਮਾਰਿ ਨਿਬੇਰੀ. ਸਾਰੰਗ, ੧੧੯੭.

620. I am the slave to my Master, God
I grasp His feet.
He the Life-of-all-Life has rid me of my ego.
Sarang, 1197.

੬੨੧. ਮੁਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸਭਾਗਾ.
ਗੁਰ ਕੀ ਬਚਨੀ ਹਾਟਿ ਬਿਕਾਨਾ,
ਜਿਤੁ ਲਾਇਆ ਤਿਤੁ ਲਾਗਾ. ਮਾਰੂ, ੯੯੧.

621. I am a bought bond-slave of the Lord.
and my name is Lucky.
I was sold in the market at His bidding
and now I go the way He bids. Maru, 991.

287

GURU NANAK DEV : SPOKESMAN OF THE LORD

ਗੁਰੂ ਨਾਨਕ ਦੇਵ : ਰੱਬ ਜੀ ਦੇ ਬੁਲਾਰੇ

੬੨੨. ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ, ਵੇ ਲਾਲੋ ! ਤਿਲੰਗ, ੭੨੨.

622. As the Word of the Lord descends to me,
so I make it known, O Lalo ! Tilang, 722.

੬੨੩. ਤਾ ਮੈ ਕਹਿਆ ਕਹਣੁ,
ਜਾ ਤੁਝੈ ਕਹਾਇਆ. ਵਡਹੰਸ, ੫੬੬.

623. I spoke only what You, O God,
inspired me to speak. Wadh, 566.

288

GURU NANK DEV : TRADER OF THE LORD

ਗੁਰੂ ਨਾਨਕ ਦੇਵ : ਰੱਬ ਜੀ ਦੇ ਵਣਜਾਰੇ

੬੨੪. ਮੈਂ ਬਨਜਾਰਨਿ ਰਾਮ ਕੀ,
ਤੇਰਾ ਨਾਮੁ ਵਖਰੁ ਵਾਪਾਰੁ. ਗਉੜੀ, ੧੫੭

624. I am a merchant of God, the All-pervading Lord,
I deal only in the merchandise of His Name. Gauri, 157.

੬੨੫. ਨਾਨਕ ਤੇਰਾ ਬਾਣੀਆ,
ਤੂ ਸਾਹਿਬੁ ਮੈ ਰਾਸਿ.
ਮਨ ਤੇ ਧੋਖਾ ਤਾ ਲਹੈ,
ਜਾ ਸਿਫਤਿ ਕਰੀ ਅਰਦਾਸਿ. ਵਡਹੰਸ, ੫੫੭.

625. Nanak is the trader for that Lord
Who is also his only capital.
The doubts of his mind depart only
when he praises and prays to Him. Wadhans, 557.

III

289

GURU NANAK DEV : THE MONOTHEIST

ਗੁਰੂ ਨਾਨਕ ਦੇਵ : ਇਕਈਸ਼ਵਰਵਾਦੀ

੬੨੬. ਦੁਬਿਧਾ ਨ ਪੜਉ,
ਹਰਿ ਬਿਨੁ ਹੋਰੁ ਨ ਪੂਜਉ,
ਮੜੈ ਮਸਾਣਿ ਨਾ ਜਾਈ. ਸੋਰਠਿ, ੬੩੪.

626. I do not believe in Duality.
I worship none but God.
I neither visit tombs nor crematoriums. Sorath, 634.

੬੨੭. ਦੂਜਾ ਕਉਣੁ ਕਹਾ ? ਨਹੀ ਕੋਈ.
ਸਭ ਮਹਿ ਏਕੁ, ਨਿਰੰਜਨੁ ਸੋਈ. ਗਉੜੀ, ੨੨੩.

627. Whom should I name the Second,
when there is no one other than God ?
He, the Immaculate One, alone, pervades all. Gauri, 223.

290

GURU NANAK DEV : THE POET

ਗੁਰੂ ਨਾਨਕ ਦੇਵ : ਰੱਬ ਜੀ ਦੇ ਸ਼ਾਇਰ, ਕਵੀ

੬੨੮. ਕਰੇ ਕਰਾਏ, ਸਭ ਕਿਛੁ ਜਾਣੈ,

ਨਾਨਕ ਸਾਇਰ ਇਵ ਕਹਿਆ. ਆਸਾ, ੪੩੪.

628. "God Himself does everything

or causes others to do whatever He wills.

He also knows everything."–

So says Nanak, the poet of the Lord. Asa, 434.

੬੨੯. ਸਾਸੁ ਮਾਸੁ, ਸਭੁ ਜੀਉ ਤੁਮਾਰਾ,

ਤੂ ਮੈ ਖਰਾ ਪਿਆਰਾ.

ਨਾਨਕੁ ਸਾਇਰੁ ਏਵ ਕਹਤੁ ਹੈ,

ਸਚੇ ਪਰਵਰਦਗਾਰਾ ! ਧਨਾਸਰੀ, ੬੬੦.

629. "My breath, flesh and soul—all are Yours.

To me You are extremely dear,

O You, the true Provider of All !

So says Nanak, the poet.

Dhanasri, 660.

291

GURU NANAK DEV : THE PROCLAIMER OF TRUTH

ਗੁਰੂ ਨਾਨਕ ਦੇਵ : ਸੱਚ ਦੇ ਐਲਾਨਚੀ, ਢੰਡੋਰਚੀ

੬੩੦. ਸਚ ਕੀ ਬਾਣੀ ਨਾਨਕੁ ਆਖੈ,

ਸਚੁ ਸੁਣਾਇਸੀ ਸਚ ਕੀ ਬੇਲਾ. ਤਿਲੰਗ, ੭੨੩.

630. Nanak utters the Word of the True One.

And proclaims the Truth at the appointed time.

Tilang, 723.

੬੩੧. "ਦਿਨ ਰਵਿ ਚਲੈ, ਨਿਸਿ ਸਸਿ ਚਲੈ,

ਤਾਰਿਕਾ ਲਖ ਪਲੋਇ;

ਮੁਕਾਮੁ ਓਹੀ ਏਕੁ ਹੈ",

ਨਾਨਕਾ ਸਚ ਬੁਗੋਇ. ਸਿਰੀ, ੬੪.

631. "The day and night, sun and moon,

and the innumerable stars

shall all pass away.

Only God is eternal

and shall stay for ever,"

Nanak tells the truth. Siri, 64.

੬੩੨. ਸਚੁ ਕਹੈ ਨਾਨਕੁ,

"ਸਬਦਿ ਸਾਚੈ, ਮੇਲਿ ਚਿਰੀ ਵਿਛੁੰਨਿਆ". ਆਸਾ, ੪੩੯.

632. Nanak utters the truth :

'The long estrangement of the soul and the Supreme Soul

can end in their reunion

Only through the contemplation

of the True Word. Asa, 439.

292

GURU NANAK DEV : THE UNIQUE TRAVELLER

ਗੁਰੂ ਨਾਨਕ ਦੇਵ : ਅਦੁੱਤੀ ਯਾਤਰੀ

੬੩੩. ਗੁਰਮੁਖਿ ਖੋਜਤ ਭਏ ਉਦਾਸੀ,
ਦਰਸਨ ਕੈ ਤਾਈ ਭੇਖ ਨਿਵਾਸੀ.
ਸਾਚ ਵਖਰ ਕੇ ਹਮ ਵਣਜਾਰੇ,
ਨਾਨਕ ਗੁਰਮੁਖਿ ਉਤਰਸਿ ਪਾਰੇ. ਰਾਮਕਲੀ, ੯੩੯.

633. I left my home in search of the righteous
and am following this course
to evolve a new philosophy of life.
Being a pedlar of Truth,
I trade in Truth.
It is only through the righteous
that I shall be able
to ferry my following across
the Ocean of Existence. Ramkali, 939.

293

GURU NANAK DEV : THE WONDERSTRUCK

ਗੁਰੂ ਨਾਨਕ ਦੇਵ : ਵਿਸਮਾਦਿਤ ਪੁਰਖ

੬੩੪. ਵੇਖਿ ਵਿਡਾਣੁ,
ਰਹਿਆ ਵਿਸਮਾਦੁ ! ਆਸਾ, ੪੬੪.

634. O, I am amazed
at the wonders of the universe. Asa, 464.

੬੩੫. ਮੇਰੇ ਸਾਹਿਬਾ !
ਤੇਰੇ ਚੋਜ ਵਿਡਾਣਾ ! ਸੋਰਠ, ੫੯੬.

635. Wonderous are Your plays,
my Lord ! Sorath, 596.

294

GURU NANAK DEV : THE WRITER, GOD'S SCRIBE

ਗੁਰੂ ਨਾਨਕ ਦੇਵ : ਰੱਬ ਜੀ ਦੇ ਲਿਖਾਰੀ

੬੩੬. ਨਾਨਕ ਕਾਗਦ ਲਖ ਮਣਾ, ਪੜਿ ਪੜਿ ਕੀਚੈ ਭਾਉ.
ਮਸੂ ਤੋਟਿ ਨ ਆਵਈ, ਲੇਖਣਿ ਪਉਣੁ ਚਲਾਉ.
ਭੀ ਤੇਰੀ ਕੀਮਤਿ ਨ ਪਵੈ, ਹਉ ਕੇਵਡੁ ਆਖਾ ਨਾਉ !

636. If I were to study thousands of learned books
and understand all their import;
If I were to write with an ocean of ink
and with the speed of the wind;
I would still be unable, O God,
to estimate Your value
or say how great is Your name ! Siri, 15.

IV

295

GURU NANAK DEV ADDRESSES THE PHYSICIAN

ਗੁਰੂ ਨਾਨਕ ਦੇਵ ਜੀ ਦਾ ਵੈਦ ਨੂੰ ਸੰਬੋਧਨ

੬੩੭. ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਂਹ.
ਭੋਲਾ ਵੈਦੁ ਨ ਜਾਣਈ, ਕਰਕ ਕਲੇਜੇ ਮਾਹਿ. ਮਲਾਰ, ੧੨੭੯.

637. The physician has been called in
to diagnose my ailment,
and he feels my pulse.
But the ignorant one does not know
that the pain is in my heart. Malar, 1279.

296

GURU NANAK DEV ADVISES MACHHINDRA

ਗੁਰੂ ਨਾਨਕ ਜੀ ਦੀ ਮਾਛਿੰਦਰ ਜੋਗੀ ਨੂੰ ਦਿੱਤੀ ਸਲਾਹ

੬੩੮. ਸੁਣਿ ਮਾਛਿੰਦ੍ਰਾ, ਨਾਨਕੁ ਬੋਲੈ,
"ਵਸਗਤਿ ਪੰਚ ਕਰੇ ਨਹ ਡੋਲੈ,
ਐਸੀ ਜੁਗਤਿ ਜੋਗ ਕਉ ਪਾਲੇ,
ਆਪਿ ਤਰੈ ਸਗਲੇ ਕੁਲ ਤਾਰੇ." ਰਾਮਕਲੀ, ੮੭੭.

638. Listen O Machhindra !
"He who disciplines his five desires,
does not falter.
He who practises Yoga in such a way,
saves himself and his whole lineage. Ramkali, 877.

297

GURU NANAK DEV ANSWERS BASIC QUESTION

ਗੁਰੂ ਨਾਨਕ ਦੇਵ ਜੀ ਦਾ ਬੁਨਿਆਦੀ ਸਵਾਲ ਦਾ ਜਵਾਬ

ਸਵਾਲ :

੬੩੯. ਕਿਵ ਸਚਿਆਰਾ ਹੋਈਐ ?
ਕਿਵ ਕੂੜੈ ਤੁਟੈ ਪਾਲ ?

ਜਵਾਬ :

ਹੁਕਮਿ ਰਜਾਈ ਚਲਣਾ,
ਨਾਨਕ ਲਿਖਿਆ ਨਾਲਿ. ਜਪੁ, ੧.

QUESTION :

639. How can one be true and qualified
for achieving attunement to the True One ?
How can the veil of falsehood be rent ?

ANSWER :

By submitting to the Divine Order
and by walking in God's Will
Which is ingrained in our being. Jap, 1.

298

GURU NANAK DEV ANSWERS BHANGAR NATH

ਗੁਰੂ ਨਾਨਕ ਦੇਵ ਜੀ ਦਾ ਭੰਗਰ ਨਾਥ ਜੋਗੀ ਨੂੰ ਜਵਾਬ

੬੪੦. **ਜੋਗੀ ਨੇ ਪੁਛਿਆ :**

ਪੁਛੇ ਜੋਗੀ ਭੰਗਰ ਨਾਥੁ, "ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ ?
ਫਿਟਿਆ ਚਾਟਾ ਦੁਧ ਦਾ,
ਰਿੜਕਿਆਂ ਮਖਣੁ ਹੱਥ ਨਾ ਆਈ.
ਭੇਖ ਉਤਾਰਿ ਉਦਾਸ ਦਾ,
ਵਤ ਕਿਉਂ ਸੰਸਾਰੀ ਰੀਤ ਚਲਾਈ ?"

640. **The Yogi Questioned :**

The Yogi Bhangar Nath Asked :
"Why have you mixed the *Kanji*
(a sort of vinegar, i.e. worldly affections)
into the milk (of detachment) ?* ~
The whole pot of milk (of spirituality)
has thus turned sour
and no butter (essence of spiritual living)
can now be had by churning it.
Why have you put aside
the holy robe of an ascetic,
adopted the ways of the world
and started again to live like a man of the world ?"

***That is, why have you polluted the saintly life which you have, originally, been leading by adopting now the life of a family man?**

ਗੁਰੂਦੇਵ ਨੇ ਆਖਿਆ :

੬੪੧. ਨਾਨਕ ਆਖੇ, "ਭੰਗਰਨਾਥ !

ਤੇਰੀ ਮਾਉ ਕੁਚੱਜੀ ਆਹੀ.

ਭਾਂਡਾ ਧੋਇ ਨ ਜਾਤਿਓਨਿ.

ਭਾਇ ਕੁਚੱਜੇ ਫਲੁ ਸੜਾਈ,

ਹੋਇ ਅਤੀਤ ਗ੍ਰਿਹਸਤ ਤਜਿ;

ਫਿਰਿ ਉਨ ਹੂੰ ਕੇ ਘਰ ਮੰਗਣ ਜਾਈ;

ਬਿਨ ਦਿਤੇ, ਕਛੁ ਹਥਿ ਨ ਆਈ". ਵਾਰਾਂ ਭਾਈ ਗੁਰਦਾਸ, ੧/੪੦.

The Guru Answered :

641. Guru Nanak replied, "O Bhangar Nath !

your mother (i.e. your teacher) is an unskillful woman

who does not even know

that the churning-vessel must be cleaned well

before putting into use.

She has thus spoiled the whole thing.

You call yourself an ascetic

simply by giving up the family life !

and dissocating yourselves from the householders;

yet you go round and beg at their doors !

Beware ! he who gives nothing here,

cannot expect to get anything

here or hereafter. Varan Bhai Gurdas, 1/40.

299

GURU NANAK DEV ANSWERS CHARPAT NATH

ਗੁਰੂ ਨਾਨਕ ਦੇਵ ਜੀ ਦਾ ਚਰਪਟ ਨਾਥ ਨੂੰ ਜਵਾਬ

ਚਰਪਟ ਨਾਥ ਨੇ ਪੁੱਛਿਆ :

੬੪੨. ਦੁਨੀਆ ਸਾਗਰੁ ਦੁਤਰੁ ਕਹੀਐ,
ਕਿਉਕਰਿ ਪਾਈਐ ਪਾਰੋ ? ਰਾਮਕਲੀ, ੯੩੮.

Charpat asked :

642. "The Ocean of Existence
is said to be impassable.
How then can we cross it
and safely reach the other shore ?" Ramkali, 938.

ਗੁਰੂਦੇਵ ਨੇ ਦਸਿਆ :

੬੪੩. "ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ.
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ." ਰਾਮਕਲੀ, ੯੩੮.

Guru Nanak Answered :

643. "As the lotus thrusts upwards
and does not drown in water;
As the duck swims
and does not become wet while swimming,
So can we cross, safely and unaffectedly,
the Ocean of Existence
By attuning our minds to the Word of the Guru
and repeating the holy Name of God.* Ramkali, 938.

300

GURU NANAK DEV ANSWERS EMPEROR BABAR

ਗੁਰੂ ਨਾਨਕ ਦੇਵ ਜੀ ਦਾ ਬਾਬਰ ਬਾਦਸ਼ਾਹ ਨੂੰ ਜਵਾਬ

੬੪੪. ਕਹਿ ਨਾਨਕ, "ਸੁਣ ਬਾਬਰ ਮੀਰ !
ਤੁਝ ਤੇ ਮਾਗੈ ਸੋ ਅਹਿਮਕ ਫ਼ਕੀਰ." ਜਨਮਸਾਖੀ, ਭਾ. ਬਾਲਾ, ੪੦੧.

644. Nanak said,
"Listen, O king Babar !
He who asks you for a gift
must be a foolish faqir." Janamsakhi, Bhai Bala, 401.

*** The Guru suggested thereby that God comes to live only in the clean heart and that essence of spirituality cannot be attained without purifying it of its impurities through the Guru's Word for doing which it is not necessary for any one to run away from the world.**

301

GURU NANAK DEV ANSWERS HIS CRITICS
ਗੁਰੂ ਨਾਨਕ ਦੇਵ ਜੀ ਦਾ ਆਪਣੇ ਨੁਕਤਾਚੀਨਾਂ ਨੂੰ ਜਵਾਬ

੬੪੫. ਕੋਈ ਆਖੈ 'ਭੂਤਨਾ', ਕੋ ਕਹੈ 'ਬੇਤਾਲਾ'
ਕੋਈ ਆਖੈ 'ਆਦਮੀ, ਨਾਨਕੁ ਵੇਚਾਰਾ' !
'ਭਇਆ ਦਿਵਾਨਾ ਸਾਹ ਕਾ, ਨਾਨਕੁ ਬਉਰਾਨਾ
ਹਉ ਹਰਿ ਬਿਨੁ ਅਵਰੁ ਨ ਜਾਨਾ'. ਮਾਰੂ, ੯੯੧.

645. Some call me a goblin, some a sprite.
some call me just a forsaken man.
But I, the mad God-intoxicated Nanak,
have lost my reason in pursuit of Him, the Sovereign Lord.
For, I know none else but God. Maru, 991.

੬੪੬. ਤਉ ਦੇਵਾਨਾ ਜਾਣੀਐ, ਜਾ ਸਾਹਿਬ ਧਰੇ ਪਿਆਰੁ;
ਮੰਦਾ ਜਾਣੈ ਆਪ ਕਉ, ਅਵਰੁ ਭਲਾ ਸੰਸਾਰੁ. ਮਾਰੂ, ੯੯੧.

646. He, indeed, is truly mad (after God)
who holds the Lord dear;
considers himself as unworthy
and the rest of the world as good. Maru, 991.

੬੪੭. ਮਸਟਿ ਕਰਉ, 'ਮੂਰਖੁ' ਜਗਿ ਕਹੀਆ,
ਅਧਿਕ ਬਕਉ, ਤੇਰੀ ਲਿਵ ਰਹੀਆ.
ਭੂਲ ਚੂਕ ਤੇਰੈ ਦਰਬਾਰਿ, ਨਾਮ ਬਿਨਾ ਕੈਸੇ ਆਚਾਰ ?
ਐਸੇ ਝੂਠਿ ਮੁਠੇ ਸੰਸਾਰਾ, ਨਿੰਦਕੁ ਨਿੰਦੈ ਮੁਝੈ ਪਿਆਰਾ. ਪ੍ਰਭਾਤੀ, ੧੩੩੦.

647. If I keep silent,
people call me stupid.
If I talk too much, I cannot be attuned to You.
My shortcomings are to be judged
in Your court, O God,
And I believe that without cherishing Your Name,
my deeds are of no avail.
People are so engrossed in falsehood
that I have come to love those
Who are slandered
and condemned by them. Prabhati, 1330.

302

GURU NANAK DEV ANSWERS QAZIS AND MULLAHS OF MECCA

ਗੁਰੂ ਨਾਨਕ ਦੇਵ ਜੀ ਦਾ ਮੱਕੇ ਦੇ ਕਾਜ਼ੀਆਂ ਤੇ ਮੁੱਲਾਣਿਆਂ ਨੂੰ ਜਵਾਬ

ਕਾਜ਼ੀਆਂ ਤੇ ਮੁੱਲਾਣਿਆਂ ਨੇ ਪੁੱਛਿਆ :

੬੪੮. ਪੁਛਣਿ ਖੋਲਿ ਕਿਤਾਬ ਨੋ,

"ਹਿੰਦੂ ਵਡਾ ਕਿ ਮੁਸਲਮਾਨੋਈ" ?

The Qazis and Mullahs asked :

648. Opening the book, they asked :

"Who is the better or superior—

the Hindu or the Muslim" ?

ਗੁਰੂ–ਬਾਬੇ ਨੇ ਜਵਾਬਦਿਆਂ ਆਖਿਆ :

੬੪੯. ਬਾਬਾ ਆਖੇ ਹਾਜੀਆਂ :

"ਸੁਭ ਅਮਲਾਂ ਬਾਝਹੁੰ ਦੋਵੇ ਰੋਈ ।

ਹਿੰਦੂ ਮੁਸਲਮਾਨ ਦੋਇ,

ਦਰਗਹਿ ਅੰਦਰਿ ਲਹਿਨ ਨ ਢੋਈ ।" ਵਾਰਾਂ ਭਾਈ ਗੁਰਦਾਸ, ੧/੩੩

The Guru Baba told them :

649. "Divorced from good deeds

both will be (brought to)) weeping

and will not find refuge in God's court."

Varan Bh. Gurdas 1/33.

303

GURU NANAK DEV ANSWERS SIDDHAS

ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਨੂੰ ਜਵਾਬ

ਸਿੱਧਾਂ ਨੇ ਪੁੱਛਿਆ :

੬੫੦. ਸਿਧ ਪੁਛਣਿ, "ਸੁਣਿ ਬਾਲਿਆ !
ਕਉਣੁ ਸਕਤ ਤੁਹਿ ਏਥੇ ਲਿਆਈ ?

The Siddhas Asked :

650. The Siddhas asked, "Listen O youngman !
what power has brought you
to this place (i.e. the Mount Sumer)"?

ਗੁਰੂਦੇਵ ਨੇ ਦਸਿਆ :

੬੫੧. "ਹਉ ਜਪਿਆ ਪਰਮੇਸਰੋ,
ਭਾਉ ਭਗਤਿ ਸੰਗਿ ਤਾੜੀ ਲਾਈ." ਵਾਰਾਂ ਭਾਈ ਗੁਰਦਾਸ, ੧/੨੮

The Guru Replied :

651. "I meditated on God
and contemplated Him
with love and devotion". Varan Bhai Gurdas, 1/28.

ਸਿੱਧਾਂ ਨੇ ਫਿਰ ਪੁਛਿਆ :

੬੫੨. ਫਿਰ ਪੁਛਣ ਸਿਧ, "ਨਾਨਕਾ !
ਮਾਤ ਲੋਕ ਵਿਚ ਕਿਆ ਵਰਤਾਰਾ ?"

The Siddhas asked again :

652. The Siddhas then enquired,
"Nanak ! what is happening in the world below"?

ਗੁਰੂਦੇਵ ਨੇ ਫਿਰ ਦਸਿਆ :

੬੫੩. ਬਾਬੇ ਕਹਿਆ ਨਾਥ ਜੀ ! 'ਸਚ ਚੰਦ੍ਰਮਾ ਕੂੜ ਅੰਧਾਰਾ.
ਕੂੜ ਅਮਾਵਸ ਵਰਤਿਆ, ਹਉ ਭਾਲਣ ਚੜ੍ਹਿਆ ਸੰਸਾਰਾ.

ਪਾਪ ਗਿਰਾਸੀ ਪਿਰਥਮੀ. ਧੌਲ ਖੜਾ ਧਰ ਹੇਠ ਪੁਕਾਰਾ.
ਸਿੱਧ ਛਪ ਬੈਠੇ ਪਰਬਤੀ, ਕੌਣ ਜਗਤ ਕਉ ਪਾਰ ਉਤਾਰਾ ?
ਜੋਗੀ ਗਯਾਨ-ਵਿਹੂਣਿਆ, ਨਿਸ ਦਿਨ ਅੰਗ ਲਗਾਇਨ ਛਾਰਾ.
ਬਾਝ ਗੁਰੂ ਡੁਬਾ ਜਗ ਸਾਰਾ ।" ਵਾਰਾਂ ਭਾਈ ਗੁਰਦਾਸ ੧/੨੯.

The Guru then Answered :

653. The Divine Master replied, "Dear Naths !
the darkness of falsehood has eclipsed the moon of truth.
In the dark moonless night of utter falsehood,
I have set out to seek the truth world over.
Sin has enslaved the world
and the Bull (Dharma : righteousness)
standing beneath the earth,
cries in anguish for help.
Who will save the afflicted world
when the Sidhas have hidden themselves
in mountain-retreats ?
The Yogis who go about
on the earth below,
lack real wisdom.
They occupy themselves in plastering their bodies,
day and night, with ashes
and do nothing else.
The whole world is drowning
without the grace and guidance of the Guru,
(the enlightener and the true leader)".

Varan Bhai Gurdas, 1/29.

ਸਿੱਧਾਂ ਨੇ ਫਿਰ ਖਿੱਝ ਕੇ ਆਖਿਆ :

੬੫੪. ਸਿਧਿ ਬੋਲਨਿ "ਸੁਣ ਨਾਨਕਾ !
ਤੁਹਿ ਜਗ ਨੂੰ ਕਿਆ ਕਰਾਮਾਤਿ ਦਿਖਾਈ ?
ਕੁਝ ਵਿਖਾਲੇ ਅਸਾਂ ਨੋ,
ਤੁਹਿ ਕਿਉਂ ਢਿਲ ਅਵੇਹੀ ਲਾਈ" ?

The Siddhas then asked him in a challenging tone :

654. The Siddhas said, "Listen to us, Nanak ! and tell :
what miracles you have displayed to the world ?
Show some of those to us as well.
Why have yu been so dilatory
in exhibiting the same ?

ਗੁਰੂਦੇਵ ਨੇ ਜਵਾਬਦਿਆਂ ਦਸਿਆ :

੬੫੫. ਬਾਬਾ ਬੋਲੇ, "ਨਾਥ ਜੀ !
ਅਸਾਂ ਤੇ ਵੇਖਣ ਜੋਗੀ, ਵਸਤੁ ਨਾ ਕਾਈ ।
ਗੁਰ. ਸੰਗਤਿ, ਬਾਣੀ ਬਿਨਾਂ,
ਦੂਜੀ ਓਟ ਨਹੀਂ ਹੈ ਰਾਈ ।" ਵਾਰਾਂ ਭਾ. ਗੁਰਦਾਸ, ੧/੪੨.

655. The Divine Master said, O dear Nath !
I have nothing to exhibit,
no supernatural power to display.
I depend on nothing like that and have no refuge
other than the Guru-God,
the holy congregation of believers
and the holy Word of the Lord.

Varan Bh. Gurdas, 1/42

304

GURU NANAK COMMENTS ON SHEIKH FARID'S THOUGHT

ਗੁਰੂ ਨਾਨਕ ਜੀ ਦੀਆਂ ਸ਼ੇਖ਼ ਫ਼ਰੀਦ ਜੀ ਦੇ ਵਿਚਾਰਾਂ ਉਤੇ ਟਿੱਪਣੀਆਂ

ਸ਼ੇਖ਼ ਫ਼ਰੀਦ ਜੀ ਨੇ ਆਖਿਆ ਸੀ :

੬੫੬. ਪਹਿਲੈ ਪਹਰੈ ਫੁਲੜਾ,
ਫਲੁ ਭੀ ਪਛਾ ਰਾਤਿ.
ਜੋ ਜਾਗੰਨਿ੍ ਲਹੰਨਿ ਸੇ,
ਸਾਈ ਕੰਨੋ ਦਾਤਿ. ਸਲੋਕ ਸ਼ੇਖ਼ ਫ਼ਰੀਦ, ੧੩੮੪.

Sheikh Farid had said :

656. The first part of the night yields flower
the later part fruit.
They who keep awake in God,
are alone blessed with His bounties.
Shalok Sheikh Farid, 1384.

ਗੁਰੂਦੇਵ ਨੇ ਫ਼ਰਮਾਇਆ :

੬੫੭. ਦਾਤੀ ਸਾਹਿਬ ਸੰਦੀਆ,
ਕਿਆ ਚਲੈ ਤਿਸੁ ਨਾਲਿ ?
ਇਕਿ ਜਾਗੰਦੇ ਨਾ ਲਹਨਿ੍,
ਇਕਨ੍ਾ ਸੁਤਿਆ ਦੇਇ ਉਠਾਲਿ. ਸਿਰੀ, ੮੩; ੧੩੮੪.

Guru Nanak commented :

657. All bounties come from the Lord.
None can expect them from Him,
as a matter of right.
Some even awake do not get them,
while others He wakes out of sleep and blesses. Siri, 83; 1384.

ਸ਼ੇਖ਼ ਫ਼ਰੀਦ ਜੀ ਨੇ ਪਛਤਾਉਂਦਿਆਂ ਆਖਿਆ ਸੀ :

੬੫੮. ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ.

ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ. ਸੂਹੀ, ੭੯੪.

Sheikh Farid had repentedly observed :

658. I did not make my boat
when there was time for it.
Now, when the ocean is rough
and the waves are lashing,
it is far more difficult to cross it. Suhi, 794.

ਗੁਰੂਦੇਵ ਨੇ ਵਿਸ਼ਵਾਸ ਦੁਆਂਦਿਆਂ ਫ਼ਰਮਾਇਆ :

੬੫੯. ਜਪ ਤਪ ਕਾ ਬੰਧੁ ਬੇੜੁਲਾ,
ਜਿਤੁ ਲੰਘਹਿ ਵਹੇਲਾ.
ਨਾ ਸਰਵਰੁ ਨਾ ਊਛਲੈ,
ਐਸਾ ਪੰਥੁ ਸੁਹੇਲਾ. ਸੂਹੀ, ੭੨੯.

Guru Nanak commented :

659. Let Your boat be
of God's meditation and pious endeavour.
This will enable you to cross unhampered
the Ocean of Existence.
Your path will thus become so easy
that you shall not have to face a rough ocean
and to contend with its lashing waves. Suhi, 729.

305

GURU NANAK CONVERSES WITH SHEIKH BRAHAM

ਗੁਰੂ ਨਾਨਕ ਜੀ ਦਾ ਸ਼ੇਖ਼ ਬ੍ਰਹਮ ਨਾਲ ਵਿਚਾਰ-ਵਟਾਂਦਰਾ

ਸ਼ੇਖ਼ ਬ੍ਰਹਮ ਜੀ ਨੇ ਆਖਿਆ :

੬੬੦. ਅਕੈ ਤੇ ਲੋੜੁ ਮੁਕਦਮੀ, ਅਕੈ ਤ ਅਲਹੁ ਲੋੜੁ.
ਦੁਹਿ ਬੇੜੀ ਨਾ ਲਤ ਧਰੁ, ਮਤੁ ਵੰਞਹੁ ਵਖਰੁ ਬੋੜਿ.

Sheikh Braham said :

660. Either seek worldly prosperity or seek God.
Do not put your feet on both boats
lest you should lose all your merchandise.

ਗੁਰੂ ਜੀ ਨੇ ਦਸਿਆ :

੬੬੧. ਦੁਹੀ ਬੇੜੀ ਲਤ ਧਰੁ, ਦੁਹੀ ਵਖਰੁ ਚਾੜਿ;
ਕੋਈ ਬੇੜੀ ਡੁਬਸੀ, ਕੋਈ ਲੰਘੇ ਪਾਰਿ।
ਨਾ ਪਾਣੀ ਨਾ ਬੇੜੀਆਂ, ਨਾ ਡੁਬੇ ਨਾ ਜਾਇ;
ਨਾਨਕ ਵਖਰੁ ਸਚੁ ਧਨੁ, ਸਹਿਜੇ ਰਹਿਆ ਸਮਾਇ.ਜਨਮਸਾਖੀ, ਪੁਰਾਤਨ, ੪੮.

Guru Nanak replied :

661. Put your feet on both boats
and load your merchandise in both of them.
One may sink, the other may cross over.
When a man amasses
the wealth and merchandise of Truth.,
and abides naturally in God,
There is neither sea or boat;
nor sinking or any suffering accruing to Him*
Janamsakhi, Puratan, 48

ਸ਼ੇਖ਼ ਜੀ ਨੇ ਫਿਰ ਆਖਿਆ :

੬੬੨. ਫ਼ਰੀਦਾ ਚੂੜੇਲੀ ਸਿਉ ਰਤਿਆ, ਦੁਨੀਆਂ ਕੂੜਾ ਭੇਤ.
ਹੇ ਨਾਨਕ ! ਅੱਖੀ ਦੇਖਦਿਆਂ, ਉਜੜਿ ਹੋਵੇ ਖੇਤ.

***That is, abide in the True One in the midst of falsehood. Remain a householder and a man of God simultaneously.**

That is, if one boat were in the process of sinking, the other will come to the rescue soon. The love of God will save from worldly entanglements and the love of family will curb renunciation taking extreme forms. Thus imbalance in both extremes will end in the restoration of harmony.

The Sheikh then said :

662. The world becomes a place of mystery
because of our attachment with that dreadful witch (i.e. *maya*).
I have seen with my own eyes, O Nanak,
the field of life being ruined.

ਗੁਰੂਦੇਵ ਨੇ ਫ਼ਰਮਾਇਆ :

੬੬੩. ਫ਼ਰੀਦਾ ਧੁਰਹੁ ਧੁਰਹੁ ਹੋਂਦਾ ਆਇਆ, ਚੁੜੇਲੀ ਸਿਉ ਹੇਤੁ.
ਨਾਨਕ ਖੇਤੁ ਨ ਉਜੜੈ, ਜੇ ਰਾਖਾ ਹੋਇ ਸੁਚੇਤ. ਜਨਮਸਾਖੀ, ਪੁਰਾਤਨ, ੪੯.

The Guru replied :

663. That dreadful witch (i.e. *maya*), O Farid,
has been fascinating men since the beginning of creation.
But if the watchman remained wide-awake,
the field would remain safe from her encroachment.

ਸ਼ੇਖ਼ ਜੀ ਨੇ ਹੋਰ ਪੁਛਿਆ :

੬੬੪. ਇਕ ਸਾਹਿਬੁ ਤੇ ਦੁਇ ਹੱਦੀਂ,
ਕਿਹੜਾ ਸੇਵੀ, ਕਿਹੜਾ ਰੱਦੀਂ ?

The Sheikh asked :

664. The Lord is but One.
But there are two ways (i.e. Islam and Hinduism)
leading to Him.
Which of these two is to be accepted,
and which rejected ?

ਗੁਰੂਦੇਵ ਨੇ ਸਮਝਾਇਆ :

੬੬੫. ਹਿੱਕੋ ਸਾਹਿਬੁ, ਹਿੱਕਾ ਹਦਿ.
ਹਿੱਕੋ ਸੇਵਿ, ਤੇ ਦੂਜਾ ਰਦਿ. ਜਨਮਸਾਖੀ, ਪੁਰਾਤਨ, ੬੨-੬੩.

The Guru told :

665. There is only one God
and hence there can be only one way.
Accept only that way
and reject all others. Janamsakhi, Puratan, 62-63.

306

GURU NANAK CORRECTS MIAN MITHA
ਗੁਰੂ ਨਾਨਕ ਵਲੋਂ ਮੀਆਂ ਮਿੱਠਾ ਦੇ ਵਿਚਾਰ ਦੀ ਸੋਧ

ਮੀਆਂ ਮਿੱਠੇ ਆਖਿਆ :

੬੬੬. ਅਵਲਿ ਨਾਂਉ ਖ਼ੁਦਾਇ ਦਾ,
ਦੂਜਾ ਨੱਬੀ ਰਸੂਲ.
ਨਾਨਕ ! ਕਲਮਾ ਜੇ ਪੜਹਿ,
ਤਾਂ ਦਰਗਹਿ ਪਵਹਿ ਕਬੂਲੁ.

Mian Mitha stated :

666. The first name is that of God
and the second is that of the Prophet.
You will find acceptance,
O Nanak, in the court of God
Only if you will repeat Kalma
(i.e. the Creed, the Muslim confession of faith).

ਗੁਰੂ ਨਾਨਕ ਜੀ ਨੇ ਦੱਸਿਆ :

੬੬੭. ਅਵਲਿ ਨਾਂਉ ਖ਼ੁਦਾਇ ਦਾ,
ਦਰਿ ਦਰਵਾਨ ਰਸੂਲੁ;
ਸ਼ੇਖ਼ਾ ! ਨੀਅਤਿ ਰਾਸ ਕਰਿ,
ਤਾਂ ਦਰਗਹਿ ਪਵਹਿਂ ਕਬੂਲ. ਜਨਮਸਾਖੀ, ਪੁਰਾਤਨ, ੭੮-੭੯.

Guru Nanak stated :

667. The first name, indeed, is that of God.
Prophets are many
and they are serving as gate-keepers at His gate.
You will find acceptance
O Sheikh, in His court
only if you will cherish good intentions
and do virtuous deeds. Janamsakhi, Puratan, 78-79.

307

GURU NANAK DISMISSES PEOPLE'S CRITICISM

ਗੁਰੂ ਨਾਨਕ ਜੀ ਦਾ ਲੋਕ-ਚਰਚਾ ਬਾਰੇ ਨਿਰਣਾ

੬੬੮. ਏਸ ਕਲੀਉ ਪੰਜ ਭੀਤੀਉਂ,
ਕਿਉਂਕਰ ਰਖਾਂ ਪਤ ?
ਜਾਂ ਬੋਲਾਂ ਤਾਂ ਆਖੀਏ,
'ਬੜ ਬੜ ਕਰੇ ਬਹੁਤ' .
ਚੁਪ ਕਰਾਂ ਤਾਂ ਆਖੀਏ, 'ਇਸ ਘਟ ਨਾਹੀ ਮਤ'.
ਜੇ ਬਹਿ ਰਹਾਂ ਤਾਂ ਆਖੀਏ, 'ਬੈਠਾ ਸੱਥਰ ਘੱਤ'.
ਉਠ ਚਲਾਂ ਤਾਂ ਆਖੀਏ, 'ਛਾਰ ਗਿਆ ਸਿਰ ਘੱਤ'.
ਜੇਕਰ ਨਿਵਾਂ ਤਾਂ ਆਖੀਏ, 'ਡਰਦਾ ਕਰੇ ਭਗਤ'.
ਕਾਈ ਗਲੀ ਨਾ ਮੇਵਨੀ, ਕਿਤ ਵਲ ਕਢਾਂ ਝਤ ?
ਏਥੇ ਓਥੇ ਨਾਨਕਾ ! ਕਰਤਾ ਰਖੈ ਪਤ. ਜਨਮਸਾਖੀ, ਭਾਈ ਬਾਲਾ.

668. How should I protect my honour
from the materialists of the Kali-age ?
If I speak, they say,
"he talks too much".
If I keep silent, they say,
"he has nothing to say".
If I stay at home, they say,
" he is a bore".
If I go away, they say,
"he has run away and has brought discredlt to his family".
Even if I show humility, they say,
"he does so on account of fear"!
"Since I can never be safe
from the criticism of people,
Where should I go
to pass my time without anxiety" ?
"The Creator alone protects our honour
here and hereafter." Janamsakhi, Bhai Bala.

308

GURU NANAK DEV EXPLAINS TO ALI YAR

ਗੁਰੂ ਨਾਨਕ ਜੀ ਦਾ ਪੀਰ ਅਲੀ ਯਾਰ ਨੂੰ ਸਪਸ਼ਟੀਕਰਣ

੬੬੯. **ਅਲੀ ਯਾਰ** : ਐ ਦਰਵੇਸ਼ ! ਅਜ਼ ਕੁਜਾਈ ਵ ਨਾਮ ਚਿਹ ਦਾਰੀ ?

ਗੁਰੂ ਨਾਨਕ : ਮਨ ਅਜ਼ ਖ਼ਿਤਾਏ ਪੰਜਾਬਮ ਵ ਨਾਮਮ ਨਾਨਕ ਨਿਰੰਕਾਰੀ ਅਸਤ.

ਅਲੀ ਯਾਰ : ਮਾਇਨੇ ਨਿਰੰਕਾਰੀ ਨ ਫ਼ਹਿਮੀਦਮ.

ਗੁਰੂ ਨਾਨਕ : ਨਿਰੰਕਾਰ ਨਾਮੇ ਖ਼ੁਦਾ ਅਸਤ, ਨਿਰੰਕਾਰੀ ਮਨਸੂਬ ਬਿਦਾਂ,
ਯਾਨੀ ਬੰਦਾ ਇ ਖ਼ੁਦਾਇਮ.

ਅਲੀ ਯਾਰ : ਰਹਿਨੁਮਾਏ ਤੋ ਕੀਸਤ ?

ਗੁਰੂ ਨਾਨਕ : ਖ਼ੁਦਾਇ ਮਨ.

ਅਲੀ ਯਾਰ : ਖ਼ੁਦਾ ਰਾ ਬਚਹਿ ਯਾਫ਼ਤੀ ?

ਗੁਰੂ ਨਾਨਕ : ਬਤਰਕਿ ਖ਼ੁਦੀਏ ਖ਼ੁਦ ਵ ਬਤਰਕਿ ਮਾਸਿਵਾਏ ਅੱਲਾ.

ਗੋਸ਼ਟ; ਜਨਮਸਾਖੀ, ਭਾਈ ਬਾਲਾ, ੪੭੬.

669. **Ali Yar :** O Darvesh ! where have you come from
and what is your name ?

Guru Nanak : I have come from Panjab, the Land of Five Rivers
and my name is Nanak Nirankari.

Ali Yar : I do not understand
the meaning of the word 'Nirankari'.

Guru Nanak : 'Nirankar' is the name of God.
'Nirankari' means one who belongs to Him.
Being one of God's men and associated with Him as such,
I am, therefore, being called so.

Ali Yar : Who is your guide and teacher ?

Guru Nanak : God, our Creator.

Ali Yar : How have you attained to God ?

Guru Nanak : By subduing my ego
and by dwelling on nothing else but God.

Gosht; Janamsakhi, Bhai Bala, 476.

309

GURU NANAK DEV EXPLAINS TO BHARTHARI

ਗੁਰੂ ਨਾਨਕ ਦੇਵ ਜੀ ਦਾ ਭਰਥਰੀ ਨੂੰ ਸਮਝਾਉਣਾ

੬੭੦. ਸੁਣਿ ਭਰਥਰਿ !
ਨਾਨਕੁ ਕਹੈ ਬੀਚਾਰੁ :
'ਨਿਰਮਲ ਨਾਮੁ,
ਮੇਰਾ ਆਧਾਰੁ.' ਆਸਾ, ੪੧੨

670. Listen, Bharthari !
Nanak states this after due pondering;
The immaculate Name alone
is my sole support. Asa, 412

310

GURU NANAK DEV REPLIES TO RUKAN DIN

ਗੁਰੂ ਨਾਨਕ ਦੇਵ ਜੀ ਦਾ ਪੀਰ ਰੁਕਨਦੀਨ ਨੂੰ ਜਵਾਬ

ਪੀਰ ਜੀ ਦੀ ਬੇਨਤੀ :

੬੭੧. ਅਸਾ ਜੋ ਲਦਣ ਲਦਿਆ,
ਅਸਾਡੀ ਭੀ ਕਰਿ ਕਾਇ.

Pir Sahib appealed :

671. My life-time is complete
and I am ready to depart.
Pray bless me too
with your grace
(So that I may have a successful journey
to the next world).

ਗੁਰੂ ਨਾਨਕ ਜੀ ਦੀ ਧਰਵਾਸ :

੬੭੨. ਜੋ ਭਰਿਆ ਸੋ ਲਦਸੀ, ਸਭਨਾ ਖਸਮੁ ਰਜਾਇ.
ਨਾਨਕ ਤੇ ਮੁਖ ਉਜਲੇ, ਚਲੇ ਹਕ ਕਮਾਇ. ਜਨਮਸਾਖੀ.

Guru Nanak replied :

672. He whose life-time is complete
shall surely depart
taking with him result of his deeds;
for, all are bound by the will of God.
They who depart after living truthfully,
are honoured by the Lord
and their faces radiate glory. Janamsakhi.

V

311

GURU NANAK DEV AND GOD

ਗੁਰੂ ਨਾਨਕ ਦੇਵ ਅਤੇ ਵਾਹਿਗੁਰੂ

੬੭੩. ਅਗਮ, ਅਗੋਚਰੁ, ਰੂਪੁ ਨ ਰੇਖਿਆ.

ਖੋਜਤ ਖੋਜਤ, ਘਟਿ ਘਟਿ ਦੇਖਿਆ. ਬਿਲਾਵਲੁ, ੮੩੮.

673. God is Unfathomable and Unperceivable.

He has neither form nor outline.

But when I searched and sought,

I found Him residing in every heart. Bilawal, 838.

312

GURU NANAK DEV AND GOD'S NAME

ਗੁਰੂ ਨਾਨਕ ਦੇਵ ਅਤੇ ਵਾਹਿਗੁਰੂ ਦਾ ਨਾਂ

੬੭੪ ਬਿਨੁ ਜਿਹਵਾ ਜੋ ਜਪੈ ਹਿਆਇ,

ਕੋਈ ਜਾਣੈ ਕੈਸਾ ਨਾਉ. ਮਲਾਰ, ੧੨੫੬

674. He who utters God's Name from his heart,

and not from his tongue,

enjoys its bliss.

None else can realize

its pleasure and significance. Malar, 1256.

VI

313
GURU NANAK DEV ENJOYING GOD'S COMPANY
ਗੁਰੂ ਨਾਨਕ ਦੇਵ, ਵਾਹਿਗੁਰੂ ਦਾ ਸੰਗ-ਸਾਥ ਮਾਣਦਿਆਂ

੬੭੫. ਜਾ ਤੂੰ ਤਾ ਕਿਆ ਹੋਰਿ,
ਮੈ ਸਚੁ ਸੁਣਾਈਐ. ਮਾਝ, ੧੪੬

675. When You are here with me,what more I need ?
I am telling the truth, my Lord ! Majh, 146

੬੭੬ ਜਾ ਤੂ ਤਾ ਮੈ ਸਭੁ ਕੋ.
ਤੂ ਸਾਹਿਬੁ ਮੇਰੀ ਰਾਸਿ ਜੀਉ.
ਤੁਧੁ ਅੰਤਰਿ ਹਉ ਸੁਖਿ ਵਸਾ,
ਤੂੰ ਅੰਤਰਿ ਸਾਬਾਸਿ ਜੀਉ. ਸੂਹੀ, ੭੬੨.

676. When I have You with me, I have everything.
You, O God, are my Master, my capital.
As you abide within me,
I enjoy peace and feel blessed. Suhi, 762.

314
GURU NANAK DEV PRAISING GOD
ਗੁਰੂ ਨਾਨਕ ਦੇਵ, ਵਾਹਿਗੁਰੂ ਦੀ ਸਿਫ਼ਤ-ਸਲਾਹ ਕਰਦਿਆਂ

੬੭੭. ਤੂ ਸੁਲਤਾਨੁ ਕਹਾ ਹਉ ਮੀਆ,
ਤੇਰੀ ਕਵਨ ਵਡਾਈ ?
ਜੋ ਤੂ ਦੇਹਿ ਸੁ ਕਹਾ ਸੁਆਮੀ,
ਮੈ ਮੂਰਖ ਕਹਣੁ ਨ ਜਾਈ. ਬਿਲਾਵਲੁ, ੭੯੫.

677. You are the Sovereign, O God !
If I call You a chieftain, how is it a praise for You ?
As You inspire me so I praise You;
For, I, the ignorant,
can say nothing by myself in Your praise. Bilawal, 795

੬੭੮. ਕੁਦਰਤਿ ਕਵਣ, ਕਹਾ ਵੀਚਾਰੁ ?
ਵਾਰਿਆ ਨ ਜਾਵਾ ਏਕ ਵਾਰ. ਜਪੁ, ੪.

678. It is beyond me to comprehend or describe
the vastness and wonder of Your creation.
I am unworthy,
of being even a sacrifice to You ! Jap, 4

315

GURU NANAK DEV PREPARING FOR GOD'S UNION

ਗੁਰੂ ਨਾਨਕ ਦੇਵ, ਪ੍ਰਭੁ-ਮਿਲਣੀ ਲਈ ਤਿਆਰੀ ਕਰਦਿਆਂ

੬੭੯. ਸੰਬਤਿ ਸਾਹਾ ਲਿਖਿਆ,

ਮਿਲਿ ਕਰਿ ਪਾਵਹੁ ਤੇਲੁ.

ਦੇਹੁ ਸਜਣ ਆਸੀਸੜੀਆ,

ਜਿਉ ਹੋਵੈ ਸਾਹਿਬ ਸਿਉ ਮੇਲੁ. ਗਉੜੀ, ੧੫੭.

679. The year and the day of my wedding is fixed.

Come my friends,

pour oil on the threshold and bless me

So that I may attain union with my Lord. Gauri, 157.

316

GURU NANAK DEV PROCLAIMS BENEFIT OF GOD'S PRAISE

ਗੁਰੂ ਨਾਨਕ ਦੇਵ ਦਾ ਪ੍ਰਭੁ-ਉਸਤਤ ਦੀ ਲਾਭਦਾਇਕਤਾ ਸਬੰਧੀ ਦਾਅਵਾ ਕਰਦਿਆਂ

੬੮੦. ਨਾਨਕ ਆਖੇ ਏਹ ਬੀਚਾਰ :

'ਸਿਫਤੀ ਗੰਢੁ ਪਵੈ ਦਰਬਾਰਿ'. ਮਾਝ, ੧੪੩.

680. I, Nanak, do hereby proclaim

after due deliberation :

"Our bond with God's court is established

only through the singing of His praises". Majh, 143.

VII

317

GURU NANAK DEV'S ASPIRATION

ਗੁਰੂ ਨਾਨਕ ਦੇਵ ਜੀ ਦੀ ਰੀਝ

੬੮੧. ਮਛੁਲੀ ਹੋਵਾ ਜਲਿ ਬਸਾ.
ਜੀਅ ਜੰਤ ਸਭਿ ਸਾਰਿ.
ਉਰਵਾਰਿ ਪਾਰਿ ਮੇਰਾ ਸਹੁ ਵਸੈ,
ਹਉ ਮਿਲਉਗੀ ਬਾਹ ਪਸਾਰਿ. ਗਉੜੀ, ੧੫੭.

681. I would love to be as a fish living in water;
if by doing so I could cherish the Sustainer-of-All
And meet Him who dwells on this side and that
with my arms stretched forth
for a close embrace. Gauri, 157.

318

GURU NANAK DEV'S AUDIENCE WITH GOD

ਗੁਰੂ ਨਾਨਕ ਦੇਵ ਜੀ ਦੀ ਪ੍ਰਭੁ-ਮਿਲਣੀ

੬੮੨. ਹਉ ਢਾਢੀ ਵੇਕਾਰੁ, ਕਾਰੈ ਲਾਇਆ.
ਰਾਤਿ ਦਿਹੈ ਕੈ ਵਾਰ, ਧੁਰਹੁ ਫੁਰਮਾਇਆ.
ਢਾਢੀ ਸਚੈ ਮਹਲਿ, ਖਸਮਿ ਬੁਲਾਇਆ.
ਸਚੀ ਸਿਫਤਿ ਸਾਲਾਹੁ, ਕਪੜਾ ਪਾਇਆ.
ਸਚਾ ਅੰਮ੍ਰਿਤੁ ਨਾਮੁ, ਭੋਜਨੁ ਆਇਆ.
ਗੁਰਮਤੀ ਖਾਧਾ ਰਜਿ, ਤਿਨਿ ਸੁਖ ਪਾਇਆ.

682. I was a bard out of work.
God blessed me with His service
and commanded me to sing His priases night and day.
He then summoned me to His Eternal Abode,
bestowed on me
the Robe of the Praise of His True Name
and fed me with
The Nectar-like Name of the Eternal Truth. Majh, 150.

319

GURU NANAK DEV'S CALL TO HUMANITY

ਗੁਰੂ ਨਾਨਕ ਦੇਵ ਜੀ ਦਾ ਮਾਨਵਜਾਤੀ ਨੂੰ ਸੱਦਾ

੬੮੩. ਆਵਹੁ ਭੈਣੇ ! ਗਲਿ ਮਿਲਹੁ,
ਅੰਕਿ ਸਹੇਲੜੀਆਹ !
ਮਿਲਿ ਕੈ ਕਰਹੁ ਕਹਾਣੀਆ,
ਸੰਮ੍ਰਥ ਕੰਤ ਕੀਆਹ. ਸਿਰੀ, ੧੭.

683. Come, dear sisters ! come my bosom-friends !
come and clasp me in your embrace.
And let us sing together
the glories of our Omnipotent Lord. Siri, 17.

320

GURU NANAK DEV'S CAUTIONS AND EXHORTATIONS

ਗੁਰੂ ਨਾਨਕ ਦੇਵ ਜੀ ਦੀਆਂ ਚੇਤਾਵਨੀਆਂ ਤੇ ਪਰੇਰਨਾਵਾਂ

੬੮੪. ਝੂਠੁ ਨ ਬੋਲਿ, ਪਾਡੇ !
ਸਚੁ ਕਹੀਐ. ਰਾਮਕਲੀ, ੯੦੪.

684. Do not utter falsehood,
O Pandit !
State what is true. Ramkali, 904.

੬੮੫. ਪ੍ਰਾਣੀ ! ਏਕੋ ਨਾਮੁ ਧਿਆਵਹੁ. ਮਲਾਰ, ੧੦੫੪.

685. Dwell on the Name of the True One alone,
O man ! Malar, 1054.

੬੮੬. ਮਨ ਰੇ ! ਕਿਉ ਛੂਟਹਿ ਬਿਨੁ ਪਿਆਰ ? ਸਿਰੀ, ੬੦.

686. You will not be delivered,
O man,
Without cherishing love of God. Siri, 60.

੬੮੭. ਰੰਗੁ ਮਾਣਿ ਲੈ ਪਿਆਰਿਆ !

ਜਾ ਜੋਬਨੁ ਨਉਹੁਲਾ. ਸਿਰੀ, ੨੩.

687. Enjoy God's love, dear one !

while your youth is fresh and buoyant. Siri, 23.

੬੮੮. ਮਤੁ ਦੇਖਿ ਭੂਲਾ ਵੀਸਰੈ,

ਤੇਰਾ ਚਿਤਿ ਨ ਆਵੈ ਨਾਉ ! ਸਿਰੀ, ੧੪.

688. Beware, O man ! lest

(engrossed in worldly comforts, pleasures and splendours),

You should forget the Beneficent God

and His gracious Name is effaced from your mind. Siri, 14.

੬੮੯. ਹਾਟੀ ਬਾਟੀ ਨੀਦ ਨ ਆਵੈ;

ਪਰ ਘਰਿ ਚਿਤੁ ਨ ਡੋਲਾਈ । ਰਾਮਕਲੀ, ੯੩੯.

689. Remain ever alert

in and outside your home.

And never waver

even on seeing others' wealth or beauty. Ramkali, 939.

੬੯੦. ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ,

ਰਹਣੁ ਨਹੀ ਸੰਸਾਰੇ. ਰਾਮਕਲੀ, ੯੩੧.

690. Do not be cross with the Lord.

Drink His nectar,

as you are not to stay

in the world permanently. Ramkali, 931.

321
GURU NANAK DEV'S CONVICTION
ਗੁਰੂ ਨਾਨਕ ਦੇਵ ਜੀ ਦਾ ਨਿਸਚਾ

੬੯੧. ਮੈ ਆਪਣਾ ਗੁਰੁ ਪੂਛਿ ਦੇਖਿਆ,
ਅਵਰੁ ਨਾਹੀ ਥਾਉ. ਸਿਰੀ, ੧੪.

691. I consulted my Master
and He convinced me that
there is no other place but God's. Siri, 14.

322
GURU NANAK DEV'S COUNSEL
ਗੁਰੂ ਨਾਨਕ ਦੇਵ ਜੀ ਦੀ ਸਲਾਹ

੬੯੨. ਬੋਲਹੁ : 'ਸਚੁ ਨਾਮੁ ਕਰਤਾਰ'.
ਫੁਨਿ ਬਹੁੜਿ ਨ ਆਵਣ ਵਾਰ. ਪ੍ਰਭਾਤੀ, ੧੩੨੯.

692. Utter, O men !
the True Name of the Creator
So that you are not cast into
the flux of the world again. Prabhati, 1329.

323
GURU NANAK DEV'S CREED : ITS FIRST PRINCIPLE
ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਮੂਲ-ਸਿਧਾਂਤ

੬੯੩. ੧ੳ ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ.
ਅਕਾਲ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ. ਮੂਲ-ਮੰਤਰ, ੧.

693. There is but one God, the Sole Supreme Being.
His Name is Eternal Truth.
He is the Creator of the Universe
and Immanent-reality.
He is devoid of fear and rancour.
He is Immortal, Unincarnated and Self-existent,
And is realized
by the grace of the Guru, the holy preceptor.
Invocation, 1.

324

GURU NANAK DEV'S CREED : A SUMMARY STATEMENT

ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਸਾਰਾਂਸ਼

੬੯੪. ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ,

ਮੜੈ ਮਸਾਣਿ ਨ ਜਾਈ.

ਤ੍ਰਿਸਨਾ ਰਾਚਿ ਨ ਪਰਘਰਿ ਜਾਵਾ,

ਤ੍ਰਿਸਨਾ ਨਾਮਿ ਬੁਝਾਈ.

ਘਰ ਭੀਤਰਿ ਘਰੁ ਗੁਰੂ ਦਿਖਾਇਆ,

ਸਹਜਿ ਰਤੇ ਮਨ ਭਾਈ ! ਸੋਰਠਿ, ੬੩੪.

694. I do not dabble in duality.

I worship none other than God.

I resort neither to tombs nor to cremation grounds.

Lured by desire,

I am neither tempted to knock at another's door*;

for, God's Name has fulfilled all my desires;

and the Master has shown me

the Lord's mansion in my own self.

So, my mind is, thereby,

absorbed in poise. Sorath, 634.

***That is, to go to places other than those where God is worshipped.**

325

GURU NANAK DEV'S DECLARATION

ਗੁਰੂ ਨਾਨਕ ਦੇਵ ਜੀ ਦਾ ਐਲਾਨ

੬੯੫. "ਹਰਿ ਨਾਮੈ ਤੁਲਿ ਨ ਪੁਜਈ",

ਸਭ ਡਿਠੀ ਠੋਕਿ ਵਜਾਇ. ਸਿਰੀ, ੬੨.

695. Through test and trial,

I have found that

"No such act–neither austerities nor penances—

equals devotion to the Name Divine". Siri, 62.

੬੯੬. ਸਚੁ ਕਹੈ ਨਾਨਕੁ :

"ਸਬਦਿ ਸਾਚੈ, ਮੇਲਿ ਚਿਰੀ ਵਿਛੁੰਨਿਆ". ਆਸਾ, ੪੩੯.

696. Nanak utters this truth :

"The long estrangement of the soul

and the Supreme Soul

will end in their reunion

Through the contemplation of the True Word." Asa, 439.

੬੯੭. ਸਾਹਿਬ ਕੇ ਗੁਣ ਨਾਨਕੁ ਗਾਵੈ, ਮਾਸਪੁਰੀ ਵਿਚਿ ਆਖੁ ਮਸੋਲਾ :

"ਜਿਨਿ ਉਪਾਈ ਰੰਗਿ ਰਵਾਈ, ਬੈਠਾ ਵੇਖੈ ਵਖਿ ਇਕੇਲਾ.

ਸਚਾ ਸੋ ਸਾਹਿਬੁ ਸਚੁ ਤਪਾਵਸੁ, ਸਚੜਾ ਨਿਆਉ ਕਰੇਗੁ ਮਸੋਲਾ.

ਕਾਇਆ ਕਪੜੁ ਟੁਕੁ ਟੁਕੁ ਹੋਸੀ, ਹਿੰਦੁਸਤਾਨ ਸਮਾਲਸੀ ਬੋਲਾ.

ਆਵਨਿ ਅਠਤਰੈ ਜਾਨਿ ਸਤਾਨਵੈ, ਹੋਰੁ ਭੀ ਉਠਸੀ ਮਰਦ ਕਾ ਚੇਲਾ.

ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ, ਸਚ ਕੀ ਬੇਲਾ." ਤਿਲੰਗ, ੭੨੩.

697. Nanak sings the glories of God in this city[1],

littered with the dead,

and proclaims this principle :

"He who creates all things and keeps them in His will,

is watching all, sitting apart and alone.

He, the Lord, is true.

His command and justice are true

and so shall be His judgement based on truth.

When the vesture of our countrymen

will be torn to shreds.

India will realize the truth of what I say.

The Mughal[2] coming in seventy-eight[3],

will depart in ninety-seven[4].

Then another 'son of man'[5] shall come forward".

Nanak utters this Word of the True One

and proclaims the truth the time calls for".

Tilang, 723.

---

1. Emanabad in West Panjab (Pakistan).
2. Babar, the founder of the Mughal Empire in India.
3. Babar's invasion of India in 1578 Vikrami.
4. Babar's son's (Humayun's) exit from India in 1597 Vikrami.
5. Said to be Sher Shah Suri who snatched power from the Mughals and established his own rule in India.

326

GURU NANAK DEV'S DEMANDS

ਗੁਰੂ ਨਾਨਕ ਦੇਵ ਜੀ ਦੀਆਂ ਮੰਗਾਂ

੬੯੮. ਕਰਤਾ ! ਤੂ ਮੇਰਾ ਜਜਮਾਨੁ,
ਇਕ ਦਖਿਣਾ ਹਉ ਤੈ ਪਹਿ ਮਾਗਉ :
"ਦੇਹਿ ਆਪਣਾ ਨਾਮੁ". ਪ੍ਰਭਾਤੀ, ੧੩੨੯.

698. Creator ! You alone are my host.
The only boon I beg from You is :
"Please bless me with Your Holy Name." Prabhati, 1329.

੬੯੯. ਜਤੁ ਸਤੁ ਚਾਵਲ, ਦਇਆ ਕਣਕ,
ਕਰਿ ਪ੍ਰਾਪਤਿ ਪਾਤੀ ਧਾਨੁ.
ਦੂਧੁ ਕਰਮੁ, ਸੰਤੋਖੁ ਘੀਉ ਕਰਿ,
ਐਸਾ ਮਾਂਗਉ ਦਾਨੁ.
ਖਿਮਾ ਧੀਰਜੁ ਕਰਿ ਗਊ ਲਵੇਰੀ,
ਸਹਜੇ ਬਛਰਾ ਖੀਰੁ ਪੀਐ.
ਸਿਫਤਿ ਸਰਮ ਕਾ ਕਪੜਾ ਮਾਂਗਉ,
ਹਰਿ ਗੁਣ ਨਾਨਕ ਰਵਤੁ ਰਹੈ. ਪ੍ਰਭਾਤੀ, ੧੩੨੯.

699. I beg from You, my Lord !
the alms of continence and truth as rice;
compassion as wheat;
And attainment of Your grace
as the receiving of charity in a leafy bowl;
good deeds as milk
content as clarified butter;
Pray let the calf of my mind
suck in poise the milk of
the milch-cow of forgiveness and forbearance.
Please bless me with the cloth of
Your praise and modesty
So that I may ever dwell
upon Your merits. Prabhati, 1329.

327

GURU NANAK DEV'S DESIRE

ਗੁਰੂ ਨਾਨਕ ਦੇਵ ਜੀ ਦੀ ਇੱਛਾ

੭੦੦. ਮਰਣੈ ਕੀ ਚਿੰਤਾ ਨਹੀ,

ਜੀਵਣ ਕੀ ਨਹੀ ਆਸ;

ਤੂ ਸਰਬ ਜੀਆ ਪ੍ਰਤਿਪਾਲਹੀ,

ਲੇਖੈ ਸਾਸ ਗਿਰਾਸ. ਸਿਰੀ, ੨੦.

700. I have neither fear of death

nor craving for life.

I only seek You, O Lord !

Who cherishes all

and in Whose will we breathe and survive. Siri, 20.

328

GURU NANAK DEV'S ESSENTIAL ADVICE

ਗੁਰੂ ਨਾਨਕ ਦੇਵ ਜੀ ਦੀ ਪ੍ਰਮੁੱਖ ਸਿੱਖਿਆ

੭੦੧. ਜਹਾਂ ਨਾਮੁ ਮਿਲੈ ਤਹ ਜਾਉ,
ਗੁਰਪਰਸਾਦੀ ਕਰਮ ਕਮਾਉ.
ਨਾਮੇ ਰਾਤਾ, ਹਰਿ ਗੁਣ ਗਾਉ. ਆਸਾ, ੪੧੪-੧੫.

701. Go there
where you may obtain the Lord's Name.
Do good deeds and earn merit
by the grace of the Guru.
Imbued with the Name,
sing ever the praise of God. Asa, 414-15.

੭੦੨. ਚਾਕਰੀਆ, ਚੰਗਿਆਈਆਂ,
ਅਵਰ ਸਿਆਣਪ ਕਿਤੁ ?
ਨਾਨਕ ਨਾਮੁ ਸਮਾਲਿ ਤੂੰ,
ਬਧਾ ਛੁਟਹਿ ਜਿਤੁ. ਸੂਹੀ, ੭੨੯.

702. Merit lies only in serving God.
All other service and cunning or feigned goodness
are of no avail.
Hold, therefore, to His Name.
That alone will free you from your shackles. Suhi, 729.

੭੦੩. ਮਨਹੁ ਨ ਨਾਮੁ ਵਿਸਾਰਿ, ਅਹਿਨਿਸਿ ਧਿਆਈਐ.
ਜਿਉ ਰਾਖਹਿ ਕਿਰਪਾ ਧਾਰਿ, ਤਿਵੈ ਸੁਖੁ ਪਾਈਐ. ਸੂਹੀ, ੭੫੨.

703. Never forget God's Name.
Dwell upon it day and night.
Be content with the life He gives you. Suhi, 752.

੭੦੪. ਦੁਰਮਤਿ ਤਿਆਗਿ, ਲਾਹਾ ਕਿਛੁ ਲੇਵਹੁ. ਆਸਾ, ੩੫੬.

704. Discard evil-mindedness and earn some merit. Asa, 356.

329

GURU NANAK DEV'S FAVOURITE BLESSING

ਗੁਰੂ ਨਾਨਕ ਦੇਵ ਜੀ ਦੀ ਮਨ-ਭਾਉਂਦੀ ਅਸੀਸ

੭੦੫. ਤੈਨੂੰ ਕਰਤਾਰ ਚਿਤ ਆਵੇ ! ਜਨਮਸਾਖੀ.

705. May you ever remember the Creator ! Janamsakhi.

330

GURU NANAK DEV'S FAVOURITE FOLK

ਗੁਰੂ ਨਾਨਕ ਦੇਵ ਜੀ ਦੇ ਮਨ-ਪਸੰਦ ਲੋਕ

੭੦੬. ਨਾਨਕ ਤਿਨ ਕੈ ਸਦ ਬਲਿਹਾਰੀ,

ਜਿਨ ਏਕ ਸਬਦਿ ਲਿਵ ਲਾਈ. ਰਾਮਕਲੀ, ੮੭੯

706. I am ever a sacrifice to those

who concentrate on the Word of God. Ramkali, 879.

331

GURU NANAK DEV'S FAVOURITE THEME

ਗੁਰੂ ਨਾਨਕ ਦੇਵ ਜੀ ਦਾ ਮਨ-ਭਾਉਂਦਾ ਵਿਸ਼ਾ

੭੦੭. ਤੂਈ ਹੈ ਨਿਰੰਕਾਰ ਕਰਤਾਰ,

ਨਾਨਕ ਬੰਦਾ ਤੇਰਾ. ਲਤੀਫ਼, ਪੰਜਾਬ ਦਾ ਇਤਿਹਾਸ, ੨੪੭.

707. You, O Lord ! are the Incorporeal Creator.

Nanak is a slave of Yours.

Latif, History of Panjab, 247.

332
GURU NANAK DEV'S HUMILITY
ਗੁਰੂ ਨਾਨਕ ਦੇਵ ਜੀ ਦੀ ਨਿਮਰਤਾ/ਹਲੀਮੀ

੭੦੮. ਨਾਨਕੁ ਨੀਚੁ ਕਹੈ ਵੀਚਾਰੁ. ਜਪੁ, ੪.

708. So thinks and says Nanak,
the lowliest of the lowly. Jap, 4.

੭੦੯. ਨੀਚਾ ਅੰਦਰਿ ਨੀਚ ਜਾਤਿ,
ਨੀਚੀ ਹੂ ਅਤਿ ਨੀਚੁ.
ਨਾਨਕੁ ਤਿਨ ਕੈ ਸੰਗਿ ਸਾਥਿ,
ਵਡਿਆ ਸਿਉ ਕਿਆ ਰੀਸ ? ਸਿਰੀ, ੧੫.

709. Nanak seeks the company of
the lowliest of the lowly,
the lowest of the low-born;
For, emulation of the high-born is in vain. Siri, 15.

੭੧੦. ਨਾ ਹਉ ਜਤੀ, ਸਤੀ, ਨਹੀ ਪੜਿਆ,
ਮੂਰਖ, ਮੁਗਧਾ, ਜਨਮੁ ਭਇਆ;
ਪ੍ਰਣਵਤਿ ਨਾਨਕ ਤਿਨ ਕੀ ਸਰਣਾ,
ਜਿਨ ਤੂ ਨਾਹੀ ਵੀਸਰਿਆ. ਆਸਾ, ੧੨ ਤੇ ੩੫੭.

710. I am neither chaste nor true;
nor even a scholar.
Foolish and ignorant,
I am born in this world.
I, therefore, seek refuge with those
who never forget You. Asa, 12 and 357.

333
GURU NANAK DEV'S HUNGER AND THIRST
ਗੁਰੂ ਨਾਨਕ ਦੇਵ ਜੀ ਦੀ ਭੁੱਖ-ਪਿਆਸ

੭੧੧. ਕਿਆ ਮਾਗਉ, ਕਿਆ ਕਹਿ ਸੁਣੀ ?
ਮੈ ਦਰਸਨ ਭੂਖ ਪਿਆਸਿ ਜੀਉ. ਸੂਹੀ, ੭੬੨.

711. What should I ask for ?
What should I be heard uttering,
Except that I hunger and thirst
for a sight of You, O Lord ! Suhi, 762.

334

GURU NANAK DEV'S KING

ਗੁਰੂ ਨਾਨਕ ਦੇਵ ਜੀ ਦਾ ਬਾਦਸ਼ਾਹ

੭੧੨. ਬੇਦ ਕਤੇਬ ਸੰਸਾਰ, ਹਭਾਹੂੰ ਬਾਹਰਾ.
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ. ਆਸਾ, ੩੯੭.

712. God is beyond the compass of
the religious books in the whole world !
Yet He, the King of Nanak,
is seen manifest all over. Asa, 397.

335

GURU NANAK DEV'S LONGING FOR A GLIMPSE

ਗੁਰੂ ਨਾਨਕ ਦੇਵ ਜੀ ਦੀ ਪ੍ਰਭੁ-ਦਰਸ਼ਨ ਲਈ ਸਿੱਕ

੭੧੩. ਤੇਰੇ ਦਰਸਨ ਵਿਟਹੁ ਖੰਨੀਐ ਵੰਞਾ,
ਤੇਰੇ ਨਾਮ ਵਿਟਹੁ ਕੁਰਬਾਣੋ. ਵਡਹੰਸੁ, ੫੫੭.

713. I may cut myself into pieces
to gain a glimpse of You.
I am all sacrifice to Your Name,
O my Lord ! Wadhans, 557.

੭੧੪. ਸੁਪਨੈ ਆਇਆ, ਭੀ ਗਇਆ,
ਮੈ ਜਲੁ ਭਰਿਆ ਰੋਇ...
ਆਉ ਸੁਭਾਗੀ ਨੀਦੜੀਏ !
ਮਤੁ ਸਹੁ ਦੇਖਾ ਸੋਇ. ਵਡਹੰਸੁ, ੫੫੮.

714. In my dream, the Loved came, then went away,
at which I wept copious tears...
Come, blessed sleep !
that I may see Him again
at least in a dream ! Wadhans, 558.

VIII

GURU NANAK DEV'S LOVE

ਗੁਰੂ ਨਾਨਕ ਦੇਵ ਜੀ ਦਾ ਪਿਆਰ

336

(i) FOR ALL AND SUNDRY

ਸਭ ਨਾਲ, ਹਰ ਕਿਸੇ ਨਾਲ

੭੧੫. ਜੀਵੈ ਦਾਤਾ,

ਮਰੈ ਨ ਕੋਇ. ਮਾਝ, ੧੪੪.

715. May the Provider of all

live for ever !

So that no one may die of

lack of sustenance ! Majh, 144.

੭੧੬. ਤੇਰੇ ਭਾਣੇ

ਸਰਬੱਤ ਦਾ ਭਲਾ. ਸਿੱਖ-ਅਰਦਾਸ.

716. May everyone prosper

In Your will, by Your grace ! Sikh Prayer.

(ii) FOR GOD : ਵਾਹਿਗੁਰੂ ਨਾਲ

੭੧੭. ਜਿਉ ਮੀਨਾ ਬਿਨੁ ਪਾਣੀਐ,
ਤਿਉ ਸਾਕਤੁ ਮਰੈ ਪਿਆਸ.
ਤਿਉ ਹਰਿ ਬਿਨੁ ਮਰੀਐ, ਰੇ ਮਨਾ !
ਜੋ ਬਿਰਥਾ ਜਾਵੈ ਸਾਸੁ. ਸੋਰਠਿ, ੫੯੭.

717. As a fish dies without water
and the reprobate is tormented by the thirst of *maya*.
So does the God-oriented suffers
if a single breath is passed without
the rememberance of God. Sorath, 597.

੭੧੮. ਮੇਰੇ ਪ੍ਰੀਤਮਾ ! ਮੈ ਤੁਝ ਬਿਨੁ ਅਵਰੁ ਨ ਕੋਇ.
ਮੈ ਤੁਝ ਬਿਨੁ ਅਵਰੁ ਨ ਭਾਵਈ,
ਤੂੰ ਭਾਵਹਿ ਸੁਖੁ ਹੋਇ. ਸਿਰੀ, ੬੧.

718. O my Loved Lord !
I have none else other than you.
Without You, nothing else is pleasing to me
For, by lovingly adoring You,
I find joy and peace. Siri, 61.

੭੧੯. ਆਖਾ ਜੀਵਾ,
ਵਿਸਰੈ ਮਰਿ ਜਾਉ. ਆਸਾ, ੯

719. By uttering God's Name, I live.
By forgetting it, I die. Asa, 9.

MAYA **: Material wealth; world-stuff, the corruptible and corrupting world; delusion; phenomena, cosmic illusion.**

338

(iii) FOR ANIMAL LIFE

ਪਸ਼ੂ-ਪੰਛੀਆਂ ਨਾਲ

੭੨੦. ਮਛੁਲੀ ਜਾਲੁ ਨ ਜਾਣਿਆ,
ਸਰੁ ਖਾਰਾ ਅਸਗਾਹੁ.
ਅਤਿ ਸਿਆਣੀ ਸੋਹਣੀ,
ਕਿਉ ਕੀਤੋ ਵੇਸਾਹੁ ?
ਕੀਤੇ ਕਾਰਣਿ ਪਾਕੜੀ,
ਕਾਲੁ ਨ ਟਲੈ ਸਿਰਾਹੁ. ਸਿਰੀ, ੫੫.

720. The fish did not notice the net
cast in the saltish unfathomable sea.
Why did you, O clever and beauteous being,
trust your eye ?
Now trapped you are because of your folly
death hovers over you
which cannot be averted. Siri, 55.

੭੨੧. ਹਰਣੀ ਹੋਵਾ ਬਨਿ ਬਸਾ,
ਕੰਦ ਮੂਲ ਚੁਣਿ ਖਾਉ.
ਗੁਰਪਰਸਾਦੀ ਮੇਰਾ ਸਹੁ ਮਿਲੈ,
ਵਾਰਿ ਵਾਰਿ ਹਉ ਜਾਉ ਜੀਉ. ਗਉੜੀ, ੧੫੮.

721. I would love to be a deer,
roaming in the forest and living on the roots,
If through Guru's grace,
I could meet that way my Beloved,
to Whom I am all sacrifice. Gauri, 158.

੭੨੨. ਕੋਕਿਲ ਅੰਬਿ ਸੁਹਾਵੀ ਬੋਲੈ... ਤੁਖਾਰੀ, ੧੧੦੮.

722. The beautiful cuckoo
sings on the mango tree. Tukhari, 1108.

339

(iv) FOR HUMAN BEINGS

ਮਨੁੱਖਾਂ ਨਾਲ

੭੨੩. ਤੇਰੇ ਜੀਅ, ਜੀਆ ਕਾ ਤੋਹਿ,
ਕਿਤ ਕਉ ਸਾਹਿਬ ! ਆਵਹਿ ਰੋਹਿ ?
ਜੇ ਤੂੰ ਸਾਹਿਬ ! ਆਵਹਿ ਰੋਹਿ;
ਤੂੰ ਓਨਾ ਕਾ, ਤੇਰੇ ਓਹਿ । ਸਿਰੀ, ੨੫.

723. All creation is Yours, O God !
You are the only Master of all.
Why are they visited then
with Your wrath, at times ?
In spite of your having wrath on them,
they are still Yous and You are theirs, O Lord ! Siri, 25.

੭੨੪. ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦੁ ਨ ਆਇਆ ? ਆਸਾ, ੩੬੦.

724. The people (of India),
tortured so ruthlessly (by Babar's forces),
have cried out to Heaven.
Did it not awaken any pity
in You, O Lord ? Asa, 360.

੭੨੫. ਆਈ ਪੰਥੀ ਸਗਲ ਜਮਾਤੀ... ਜਪੁ, ੬.

725. Let universal brotherhood be
the highest aspiration
of your religious order.

Alternate Rendering:
Let all mankind be
your sect (viz. Ayee Panth) Jap, 6.

੭੨੬. ਗਲੀ ਜੋਗੁ ਨ ਹੋਈ.
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ.
ਜੋਗੀ ਕਹੀਐ ਸੋਈ. ਸੂਹੀ, ੭੩੦.

726. Religion consists of more than talk.
He who looks on all alike
and considers them as equals,
may be acclaimed as religious. Suhi, 730.

340

(v) FOR MOTHERLAND (HINDUSTAN)

ਮਾਤ-ਭੂਮੀ (ਹਿੰਦੁਸਤਾਨ) ਨਾਲ

੭੨੭. ਖੁਰਾਸਾਨ ਖਸਮਾਨਾ ਕੀਆ,
ਹਿੰਦੁਸਤਾਨੁ ਡਰਾਇਆ....
ਜਮੁ ਕਰਿ ਮੁਗਲੁ ਚੜਾਇਆ. ਆਸਾ, ੩੬੦.

727. You have saved Khurasan
and terrified India...
And have sent Babar, the Mughal,
as Regent of Death. Asa, 360.

੭੨੮. ਕਾਇਆ ਕਪੜੁ ਟੁਕੁ ਟੁਕੁ ਹੋਸੀ,
ਹਿੰਦੁਸਤਾਨ ਸਮਾਲਸੀ ਬੋਲਾ. ਤਿਲੰਗ, ੭੨੩.

728. When the bodies of our countrymen
are rent to shreds,
India will realize the truth
of what I say. Tilang, 723

੭੨੯. ਸਾਹਾਂ ਸੁਰਤਿ ਗਵਾਈਆ,
ਰੰਗਿ ਤਮਾਸੈ ਚਾਇ.
ਬਾਬਰਵਾਣੀ ਫਿਰਿ ਗਈ,
ਕੁਇਰੁ ਨ ਰੋਟੀ ਖਾਇ. ਆਸਾ, ੪੧੭.

729. The Indian rulers lost their heads
in the pursuit of sensuous pleasure.
Now, when Babar has invaded
and desolation has followed his foot-steps,
Even their princes cannot get bread
enough to eat in peace. Asa, 417.

੭੩੦. ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦੁ ਨ ਆਇਆ ? ਆਸਾ, ੩੬੦.

730. The people (of India),
tortured so ruthlessly (by Babar's forces),
have cried out to Heaven.
Did it not awaken any pity
in You, O Lord ? Asa, 360.

341

(vi) FOR NATURE

ਕੁਦਰਤ ਨਾਲ

੭੩੧. ਬਲਿਹਾਰੀ ਕੁਦਰਤਿ ਵਸਿਆ. ਆਸਾ, ੪੬੯.

731. I am a sacrifice to You
Who dwells in Nature. Asa, 469.

੭੩੨. ਕੁਦਰਤਿ ਦੇਖਿ ਰਹੇ ਮਨੁ ਮਾਨਿਆ. ਮਾਰੂ, ੧੦੪੩.

732. Seeing God's Omnipotence,
manifest in Nature,
my mind is propitiated. Maru, 1043.

੭੩੩. ਨਾਨਕ ਸਚ ਦਾਤਾਰੁ,
ਸਿਨਾਖਤੁ ਕੁਦਰਤੀ. ਮਾਝ, ੧੪੧.

733. The Beneficent God alone is True.
He is revealed and recognised
through His Nature. Majh, 141.

੭੩੪. ਜਿਨਿ ਜਗੁ ਸਿਰਜਿ ਸਮਾਇਆ,
ਸੋ ਸਾਹਿਬੁ ਕੁਦਰਤਿ ਜਾਣੋਵਾ.
ਸਚੜਾ ਦੂਰਿ ਨ ਭਾਲੀਐ,
ਘਟਿ ਘਟਿ ਸਬਦੁ ਪਛਾਣੋਵਾ. ਵਡਹੰਸ, ੫੮੧.

734. The Lord who creates and destroys the World
is known through His Nature.
Do not, therefore, seek that True One far away.
Recognise Him here,
for, He is manifest in every heart. Wadhans, 581.

੭੩੫. ਮੈ ਰੋਵੰਦੀ, ਸਭੁ ਜਗੁ ਰੁਨਾ,
ਰੁੰਨੜੇ ਵਣਹੁ ਪੰਖੇਰੂ. ਵਡਹੰਸੁ, ੫੫੮.

735. As I weep, the whole world weeps,
Even the birds of the woods weep with me.

Wadhans, 558.

IX

342

GURU NANAK DEV'S MAINSTAY

ਗੁਰੂ ਨਾਨਕ ਦੇਵ ਜੀ ਦਾ ਮੁੱਖ ਆਧਾਰ

੭੩੬. ਸੁਣਿ ਭਰਥਰਿ ! ਨਾਨਕੁ ਕਹੈ ਬੀਚਾਰੁ :

"ਨਿਰਮਲ ਨਾਮੁ ਮੇਰਾ ਆਧਾਰੁ". ਆਸਾ, ੪੧੨.

736. Listen O Bharthari !

Nanak says after due deliberation :

"The immaculate Name alone

is my only support." Asa, 412.

343

GURU NANAK DEV'S MASTER/PRECEPTOR

ਗੁਰੂ ਨਾਨਕ ਦੇਵ ਜੀ ਦੇ ਗੁਰੂ, ਪੀਰ–ਮੁਰਸ਼ਦ

੭੩੭. ਅਪਰੰਪਰ, ਪਾਰਬ੍ਰਹਮੁ, ਪਰਮੇਸਰੁ,
ਨਾਨਕ ਗੁਰੁ ਮਿਲਿਆ ਸੋਈ ਜੀਉ. ਸੋਰਠਿ, ੫੯੯.

737. He who is the Infinite,
Transcendent and Supreme God,
Is the One whom
Nanak has known as his Preceptor. Sorath, 599.

੭੩੮. ਸਾਹਿਬੁ ਮੇਰਾ ਏਕੋ ਹੈ,
ਏਕੋ ਹੈ, ਭਾਈ, ਏਕੋ ਹੈ. ਆਸਾ, ੩੫੦.

738. My Lord is One,
One and Sole.
The only one, brother Asa, 350

੭੩੯. ਬਲਿਹਾਰੀ ਗੁਰ ਆਪਣੇ,
ਦਿਉਹਾੜੀ ਸਦ ਵਾਰ.
ਜਿਨਿ ਮਾਣਸ ਤੇ ਦੇਵਤੇ ਕੀਏ,
ਕਰਤ ਨ ਲਾਗੀ ਵਾਰ. ਆਸਾ, ੪੬੨.

739. Countless times a day,
I am a sacrifice to my Guru
Who can in an instant,
turn mortals into god-like saints. Asa, 462.

੭੪੦. **ਸਿੱਧਾਂ ਨੇ ਪੁਛਿਆ :**
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ?... ...
ਗੁਰੂਦੇਵ ਨੇ ਦਸਿਆ :
ਸਬਦੁ ਗੁਰੂ, ਸੁਰਤਿ ਧੁਨਿ ਚੇਲਾ. ਰਾਮਕਲੀ, ੯੪੩.

740. **The Siddhas asked :**
"Who is your Guru
of whom you are the disciple ?"
Guru Nanak answered :
God's Word is the Guru
and the mind which attunes to it,
is the disciple." Ramkali, 943.

344

GURU NANAK DEV'S MISSION : ITS KEYNOTE

ਗੁਰੂ ਨਾਨਕ ਦੇਵ ਜੀ ਦੇ ਜੀਵਨ-ਉਦੇਸ਼ ਦੀ ਮੁੱਖ ਸੁਰ

੭੪੧. ਨਾ ਕੋ ਹਿੰਦੂ, ਨਾ ਮੁਸਲਮਾਨ, ਜਨਮਸਾਖੀ, ਮਿਹਰਬਾਨ, ੯੩.

741. There is neither any Hindu nor any Muslim;
But only Man. Janamsakhi, Meharban, 93.

345

GURU NANAK DEV'S MORAL CODE

ਗੁਰੂ ਨਾਨਕ ਦੇਵ ਜੀ ਦੀ ਆਚਾਰ-ਨੇਮਾਵਲੀ

੭੪੨. ਹਕੁ ਪਰਾਇਆ ਨਾਨਕਾ,
ਉਸੁ ਸੂਅਰ ਉਸੁ ਗਾਇ. ਮਾਝ, ੧੪੧.

742. Depriving others of their due is
like eating pork to a Muslim
or beef to a Hindu. Majh, 141.

੭੪੩. ਜੇ ਗੁਣ ਹੋਵਨਿ ਸਾਜਨਾ,
ਮਿਲਿ ਸਾਝ ਕਰੀਜੈ.
ਸਾਝ ਕਰੀਜੈ ਗੁਣਹ ਕੇਰੀ,
ਛੋਡਿ ਅਵਗਣ ਚਲੀਐ.
ਪਹਿਰੇ ਪਟੰਬਰ, ਕਰਿ ਅਡੰਬਰਿ;
ਆਪਣਾ ਪਿੜ ਮਲੀਐ, ਸੂਹੀ, ੨੬੬.

743. If our friends are blessed with merits
let us share the same with them;
and relinquish, thereby, our own vices.
Sharing their merits
and discarding our demerits,
let us deck ourselves
with the silks and embellishments of virtue
and tread, therewith, our life's way. Suhi, 766

੭੪੪. ਅਕਲਿ ਏਹ ਨ ਆਖੀਐ,
ਅਕਲਿ ਗਵਾਈਐ ਬਾਦਿ. ਸਾਰੰਗ, ੧੨੪੫.

744. He who wastes his wisdom in strife or disputation,
cannot be called wise. Sarang, 1245.

੭੪੫. ਦੋਹੀ ਦਿਚੈ ਦੁਰਜਨਾ,
ਮਿਤ੍ਰਾਂ ਕੂੰ ਜੈਕਾਰੁ. ਸਲੋਕ, ੧੪੧੦.

745. Declare that
you will never associate
with the evil-doers.
Proclaim that
you will ever hail
the victory of the good ones. Slok, 1410.

੭੪੬. ਛੋਡੀਲੇ ਪਾਖੰਡਾ !
ਨਾਮਿ ਲਇਐ ਜਾਹਿ ਤਰੰਦਾ. ਆਸਾ, ੪੭੧.

746. Discard hypocrisy
and take to God's Name;
For it is by devotion to the name alone
that you will be able to swim through safely Asa, 471.

੭੪੭. ਲਾਲਚ ਛੋਡਿ, ਰਚਹੁ ਅਪਰੰਪਰਿ;
ਇਉ ਪਾਵਹੁ ਮੁਕਤਿ ਦੁਆਰਾ. ਮਾਰੂ. ੧੦੩੦.

747. Lay aside your greed
and love the Infinite Lord
So that you may find, thereby,
the door of salvation. Maru, 1030.

੭੪੮. ਮੰਦਾ ਕਿਸੈ ਨ ਆਖਿ, ਝਗੜਾ ਪਾਵਣਾ. ਵਡਹੰਸੁ, ੫੬੬.

748. Do not cause a quarrel
by calling anyone bad. Wadhans, 566.

੭੪੯. ਲਾਲਚੁ ਛੋਡਹੁ ਅੰਧਿਹੋ !
ਲਾਲਚਿ ਦੁਖੁ ਭਾਰੀ. ਆਸਾ, ੪੧੯.

749. Discard greed, O blind-in-greed !
as greed is the cause of great suffering. Asa, 419.

346

GURU NANAK DEV'S PILGRIMAGE

ਗੁਰੂ ਨਾਨਕ ਦੇਵ ਜੀ ਦੀ ਤੀਰਥ-ਯਾਤਰਾ

੭੫੦. ਮਾਘਿ ਪੁਨੀਤ ਭਈ,
ਤੀਰਥੁ ਅੰਤਰਿ ਜਾਨਿਆ. ਤੁਖਾਰੀ, ੧੧੦੯.

750. God has entered my being.
Now I make a pilgrimage within,
and am purified. Tukhari, 1109.

੭੫੧. ਪ੍ਰੀਤਮ ਗੁਣ ਅੰਕੇ,
ਸੁਣਿ ਪ੍ਰਭ ਬੰਕੇ !
ਤੁਧੁ ਭਾਵਾ, ਸਰਿ ਨਾਵਾਂ. ਤੁਖਾਰੀ, ੧੧੦੯

751. Beauteous Beloved !
If I imbibe the spirit of Your merit
and my doing so pleases You,
my pilgrimage is made,
my ablution is done. Tukhari, 1109.

੭੫੨. ਗੰਗ ਬਨਾਰਸਿ ਸਿਫਤਿ ਤੁਮਾਰੀ,
ਨਾਵੈ ਆਤਮ ਰਾਉ.
ਸਚਾ ਨਾਵਣੁ ਤਾਂ ਥੀਐ,
ਜਾਂ ਅਹਿਨਿਸਿ ਲਾਗੈ ਭਾਉ. ਆਸਾ, ੩੫੮.

752. A pilgrimage to Benares
and ablution in the Ganges is for me,
The singing of God's praises
in which my soul may bathe constantly.
For, true bathing consists in
the constant cherishing of one's love For God. Asa, 358.

੭੫੩. ਮਨੁ ਮੰਦਰੁ, ਤਨੁ ਵੇਸ ਕਲੰਦਰੁ,
ਘਟ ਹੀ ਤੀਰਥਿ ਨਾਵਾ.
ਏਕੁ ਸਬਦੁ ਮੇਰੇ ਪ੍ਰਾਨਿ ਬਸਤੁ ਹੈ,
ਬਾਹੁੜਿ ਜਨਮਿ ਨ ਆਵਾ. ਬਿਲਾਵਲੁ, ੭੯੫.

753. My mind is the temple,
my body is the mendicant.
I bathe at the pilgrimage-place of my heart.
As the Word of the One Lord
now abides in my mind;
I shall have not to be born again. Bilawal, 795.

347

GURU NANAK DEV'S PLEA

ਗੁਰੂ ਨਾਨਕ ਦੇਵ ਜੀ ਦਾ ਤਰਲਾ

੭੫੪. ਤੁਧੁ ਗੁਣ, ਮੈ ਸਭਿ ਅਵਗਣਾ,
ਇਕ ਨਾਨਕ ਕੀ ਅਰਦਾਸਿ ਜੀਉ.
"ਸਭਿ ਰਾਤੀ ਸੋਹਾਗਣੀ,
ਮੈ ਡੋਹਾਗਣਿ ਕਾਈ ਰਾਤਿ ਜੀਉ" ! ਸੂਹੀ, ੭੬੨.

754. You, O Lord ! have all merits
and I have all demerits.
The only plea of Nanak is :
"Having blessed Your virtuus brides
with Your company for these many nights,
Is there no night left for me,
the forsaken one ?" Suhi, 762.

348

GURU NANAK DEV'S PRACTICAL ADVICE

ਗੁਰੂ ਨਾਨਕ ਦੇਵ ਜੀ ਦੀ ਅਮਲੀ ਸਿੱਖਿਆ

੭੫੫. ਲਾਹਾ ਨਾਮੁ ਰਤਨੁ ਜਪਿ ਸਾਰੁ,
ਲਬੁ, ਲੋਭ, ਬੁਰਾ ਅਹੰਕਾਰੁ.
ਲਾੜੀ, ਚਾੜੀ, ਲਾਇਤਬਾਰੁ,
ਮਨਮੁਖ ਅੰਧਾ, ਮੁਗਧੁ, ਗਵਾਰੁ. ਰਾਮਕਲੀ, ੯੩੧.

755. Reap the profit of the contemplation of God's Name
which is the essence of all excellence.
Avarice, covetousness and egotism are evil.
Neither slander nor incite or provoke anyone.
The self-willed man who goes on in this way,
is blind, foolish and ignorant. Ramkali, 931.

349

GURU NANAK DEV'S PRAYER

ਗੁਰੂ ਨਾਨਕ ਦੇਵ ਜੀ ਦੀ ਅਰਦਾਸ

੭੫੬. ਕਰਤਾ ! ਤੂ ਮੇਰਾ ਜਜਮਾਨੁ

ਇਹ ਦਖਿਣਾ ਹਉ ਤੈ ਪਹਿ ਮਾਗਉ :

"ਦੇਹਿ ਆਪਣਾ ਨਾਮੁ". ਪ੍ਰਭਾਤੀ, ੧੩੨੯.

756. O Creator !

You alone are my host.

The only boon I beg from you is;

"Please bless me with Your Name." Prabhati, 1329.

੭੫੭. ਜਿਉ ਭਾਵੈ ਤਿਉ ਰਾਖੁ ਤੂ,

ਮੈ ਅਵਰੁ ਨ ਦੂਜਾ ਕੋਇ. ਸਿਰੀ, ੨੦.

757. Save me, God, as it pleases You.

I have none else, but you, to go to. Siri, 20

੭੫੮. ਗੁਰਸਬਦੀ ਸਹੁ ਪਾਇਆ,

ਸਚੁ ਨਾਨਕ ਕੀ ਅਰਦਾਸਿ ਜੀਉ. ਸੂਹੀ, ੭੬੩.

758. Through the Guru's Word,

I have obtained the Lord.

The prayer of Nanak has thus been granted.

Suhi, 763.

350

GURU NANAK DEV'S REFUGE

ਗੁਰੂ ਨਾਨਕ ਦੇਵ ਜੀ ਦਾ ਆਸਰਾ

੭੫੯. ਤੂ ਦਰੀਆਉ ਦਾਨਾ ਬੀਨਾ,

ਮੈ ਮਛੁਲੀ ਕੈਸੇ ਅੰਤੁ ਲਹਾ ?

ਜਹ ਜਹ ਦੇਖਾ ਤਹ ਤਹ ਤੂ ਹੈ,

ਤੁਝ ਤੇ ਨਿਕਸੀ ਫੂਟਿ ਮਰਾ.

ਨ ਜਾਣਾ ਮੇਉ, ਨ ਜਾਣਾ ਜਾਲੀ.

ਜਾ ਦੁਖੁ ਲਾਗੈ, ਤਾ ਤੁਝੈ ਸਮਾਲੀ. ਸਿਰੀ, ੨੫.

759. You, O Lord, are the River,

the All-Knower and the All-Seer.

How can I, a mere fish,

comprehend Your expanse ?

Wherever I look,

I see You there.

If I lose you I will not be able to live.

Even as I know

neither the net nor the fisherman ;

when pain comes,

I call upon You and seek Your refuge. Siri, 25.

351

GURU NANAK DEV'S RELATIONS

ਗੁਰੂ ਨਾਨਕ ਦੇਵ ਜੀ ਦੇ ਸਾਕ-ਸੰਬੰਧੀ

੭੬੦. **ਸੁਣ ਲਾਲੂ ! ਗੁਣ ਐਸਾ :**
ਸਗਲੈ ਲੋਕ ਬੰਧਨ ਕੇ ਬਾਂਧੇ,
ਸੋ ਗੁਣ ਕਹੀਏ ਕੈਸਾ ?

ਖਿਮਾ ਹਮਾਰੀ ਮਾਤਾ ਕਹੀਏ, ਸੰਤੋਖ ਹਮਾਰਾ ਪਿਤਾ.
ਸਤਿ ਹਮਾਰਾ ਚਾਚਾ ਕਹੀਏ, ਜਿਨ ਸੰਗ ਮਨੂਆ ਜਿਤਾ.
ਭਾਉ ਭਾਈ ਸੰਗ ਹਮਾਰੇ, ਪ੍ਰੇਮ ਪੂਤ ਸੋ ਸਾਚਾ.
ਧੀ ਹਮਾਰੀ ਧੀਰਜ ਬਣੀ, ਐਸੇ ਸੰਗ ਹਮ ਰਾਚਾ.
ਸ਼ਾਂਤ ਹਮਾਰੇ ਸੰਗ ਸਹੇਲੀ, ਮਤਿ ਹਮਾਰੀ ਚੇਲੀ.
ਇਹ ਕੁਟੰਬ ਹਮਾਰਾ ਕਹੀਏ, ਸਾਸ ਸਾਸ ਸੰਗ ਖੇਲੀ।
ਏਕੰਕਾਰ ਹਮਾਰਾ ਖ਼ਾਵੰਦ, ਜਿਨ ਇਹ ਬਣਤ ਬਣਾਈ.
ਉਸ ਕੋ ਤਿਆਗ ਅਵਰ ਕੋ ਲਾਗੇ, ਨਾਨਕ ਸੋ ਦੁਖ ਪਾਈ.

ਜਨਮਸਾਖੀ, ਭਾਈ ਬਾਲਾ, ੮੪.

760. Listen, O Lalu, to this dissertation
then tell me what it is
that binds men to this world.
Consider forgiveness as my mother,
contentment as my father
and truth as my uncle
with whose help I have subdued my mind.
Devotion is my brother
who keeps company with me.
True love is my son and patience my daughter
whose affectionate company I enjoy.
Humility is my friend
and intellect my disciple.
This is all that my family consists of
with whom I usually dwell.
One God is my Husband
who has created this universe.
Whoever forsakes Him and seeks another
will suffer pain and misery. Janamsakhi, Bhai Bala, 84.

352

GURU NANK DEV'S SOLE BASE AND PROP

ਗੁਰੂ ਨਾਨਕ ਦੇਵ ਜੀ ਦਾ ਮੂਲ ਆਧਾਰ ਤੇ ਆਸਰਾ

੭੬੧. ਤੇਰਾ ਏਕੁ ਨਾਮੁ ਤਾਰੇ ਸੰਸਾਰੁ.

ਮੈ ਏਹਾ ਆਸ, ਏਹੋ ਆਧਾਰੁ. ਸਿਰੀ, ੨੪.

761. Your Name alone enables the world

to swim across the Ocean of Existence.

(that is, brings liberation to the whole world.)

In that alone lies my hope,

and that alone is my sole prop. Siri, 24.

353

GURU NANAK DEV'S SUPPLICATION

ਗੁਰੂ ਨਾਨਕ ਦੇਵ ਜੀ ਦੀ ਅਰਜ਼

੭੬੨. ਇਕ ਨਾਨਕ ਕੀ ਅਰਦਾਸਿ :

"ਜੇ ਤੁਧੁ ਭਾਵਸੀ,

ਮੈ ਦੀਜੈ ਨਾਮ-ਨਿਵਾਸੁ,

ਹਰਿ ਗੁਣ ਗਾਵਸੀ". ਸੂਹੀ, ੭੫੨.

762. The only supplication of Nanak is :

"O God, if such be Your will,

Bless me so that

I may ever remain attuned to Your Name

and keep on singing Your praises. Suhi, 752

354

GURU NANAK DEV'S SURRENDER TO GOD AND PEOPLE

ਗੁਰੂ ਨਾਨਕ ਦੇਵ ਜੀ ਦਾ ਰੱਬ ਅਤੇ ਲੋਕਾਂ ਲਈ ਆਤਮ-ਸਮਰਪਨ

੭੬੩. ਤੇਰੀ ਗਤਿ ਅਵਿਗਤਿ ਨਹੀ ਜਾਣੀਐ,

ਅਣਜਾਣਤ ਨਾਮੁ ਵਖਾਣੀਐ.

ਨਾਨਕੁ ਵੇਚਾਰਾ ਕਿਆ ਕਹੈ ?

ਸਭੁ ਲੋਕੁ ਸਲਾਹੇ ਏਕਸੈ.

ਸਿਰੁ ਨਾਨਕ ਲੋਕਾ ਪਾਵ ਹੈ.

ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ. ਬਸੰਤ ੧੧੬੮.

763. O Formless and Stateless One !

Your form and state are not known to us.

But, even though we do not know all that;

we must utter Your holy Name,

What else can I, poor Nanak, say ?

everyone praises only You,

O You, our only Lord !

I place my head, in reverance,

at the feet of all those human beings,

(who utter Your holy Name),

I am a sacrifice

to all the Names ascribed to You ! Basant, 1168.

355

GURU NANAK DEV'S TEACHING, UNIVERSALITY OF

ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੀ ਸਰਵਲੋਕਿਕਤਾ/ਸਰਬ-ਵਿਆਪਕਤਾ

੭੬੪. ਖਤ੍ਰੀ, ਬ੍ਰਾਹਮਣ, ਸੂਦ, ਵੈਸ,

ਸਭ ਏਕੈ ਨਾਮਿ ਤਰਾਨਥ.

ਗੁਰੂ ਨਾਨਕੁ ਉਪਦੇਸੁ ਕਹਤੁ ਹੈ,

ਜੋ ਸੁਨੈ ਸੋ ਪਾਰਿ ਪਰਾਨਥ. ਗੁਰੂ ਅਰਜਨ ਦੇਵ, ਮਾਰੂ, ੧੦੦੧.

764. Whether one belongs

to the martial or the priestly class,

to the commercial or agricultural caste,

All can cross the Ocean of Existence

by cherishing the Name of God.

Guru Nanak has instructed all,

without making any distinction,

in this divine wisdom.

Whosoever hears it,

is ferried across the Ocean of Existence.

Guru Arjan Dev, Maru, 1001.

X

GURU NANAK DEV'S TIMES AND CONTEMPORARY MILIEU :

ਗੁਰੂ ਨਾਨਕ ਦੇਵ ਜੀ ਦਾ ਸਮਾਂ ਅਤੇ ਸਮਕਾਲੀ ਸਥਿਤੀ ਤੇ ਵਾਤਾਵਰਨ

(i)

356

THE KALI-AGE : ITS CHIEF CHARACTERISTICS

ਕਲਜੁਗ : ਇਸ ਦੇ ਮੁੱਖ ਲੱਛਣ

੭੬੫. ਕਲਜੁਗਿ ਰਥੁ ਅਗਨਿ ਕਾ,
ਕੂੜੁ ਅਗੈ ਰਥਵਾਹੁ. ਆਸਾ, ੪੭੦.

765. In this Kali-age
flaming passion has taken the form of a chariot,
driven along by falsehood as its charioteer. Asa, 470.

੭੬੬. ਖੋਟੇ ਕਉ ਖਰਾ ਕਹੈ,
ਖਰੇ ਸਾਰ ਨ ਜਾਣੈ.
ਅੰਧੇ ਕਾ ਨਾਉ ਪਾਰਖੂ,
ਕਲੀ ਕਾਲ ਵਿਡਾਣੈ. ਗਉੜੀ, ੨੨੯.

766. Wonderful is the Age of Kali,
where the blind man goes by
the name of assayer (judge of merit),
The imposter is called genuine
and the worth of the genuine
is not even known ! Gauri, 229.

੭੬੭. ਕਲਿ ਕਾਤੀ, ਰਾਜੇ ਕਾਸਾਈ,
ਧਰਮੁ ਪੰਖ ਕਰਿ ਉਡਰਿਆ.
ਕੂੜੁ ਅਮਾਵਸ, ਸਚੁ ਚੰਦ੍ਰਮਾ,
ਦੀਸੈ ਨਾਹੀ ਕਹ ਚੜਿਆ ! ਮਾਝ, ੧੪੫.

767. This Dark Age has turned into a drawn knife.
kings behave like butchers
and righteousness has taken wings.
In this completely dark night of falsehood,
the moon of truth is nowhere visible. Majh, 145.

੭੬੮. ਕਲਿ ਹੋਈ ਕੁਤੇ-ਮੁਹੀ,
ਖਾਜੁ ਹੋਆ ਮੁਰਦਾਰੁ.
ਕੂੜੁ ਬੋਲਿ ਬੋਲਿ ਭਉਕਣਾ,
ਚੂਕਾ ਧਰਮੁ ਬੀਚਾਰੁ. ਸਾਰੰਗ, ੧੨੪੨.

768. What evil times have come !
Men have faces like the dogs
that eat carrion and bark out falsehood.
They have forsaken righteous thinking altogether.
Sarang, 1242.

੭੬੯. ਹੋਵੈ ਪਰਵਾਣਾ, ਕਰਹਿ ਧਿਙਾਣਾ,
ਕਲਿ ਲਖਣ ਵੀਚਾਰਿ. ਰਾਮਕਲੀ, ੯੦੨.

769. Know this to be a sign of the Kali-age
that whoever is an aggressor,
is approved. Ramkali, 902.

੭੭੦. ਨਾਨਕ ਕਲਿ ਕਾ ਏਹੁ ਪਰਵਾਣੁ.
ਆਪੇ ਆਖਣੁ, ਆਪੇ ਜਾਣੁ. ਰਾਮਕਲੀ, ੯੫੧.

770. Such is the way of the Kali-age
that every one says that
he himself knows everything. Ramkali, 951.

KALI, KALJUG is the name of the last and the worst of the four Yugas or Ages, according to the Hindu thought. The present or the Iron Age of vice, ignorance and spiritual darkness is supposed to have begun in 3102 B.C .

(ii)

357

MUSIC OF THE AGE

ਸਮੇਂ ਦਾ ਸੰਗੀਤ

੭੭੧. ਤਾਲ ਮਦੀਰੇ ਘਟ ਕੇ ਘਾਟ,
ਦੋਲਕ ਦੁਨੀਆ ਵਾਜਹਿ ਵਾਜ;
ਨਾਰਦੁ ਨਾਚੈ ਕਲਿ ਕਾ ਭਾਉ,
ਜਤੀ ਸਤੀ ਕਹ ਰਾਖਹਿ ਪਾਉ ? ਆਸਾ, ੩੪੯.

771. The impulses of the mind
are clamouring like cymbals and ankle-bells.
The drum of the worldly distractions
is thumping constantly.
The mercurial mind, dancing to their tune,
is setting, thus, the general tone of the Age.
Under such conditions, where can
men of continence and virtue put their feet ? Asa, 349.

(iii)

358

O WHAT A WORLD !

ਦੁਨੀਆ ਕੈਸੀ ਹੋਈ !

੭੭੨. ਨਾਨਕ ਦੁਨੀਆ ਕੈਸੀ ਹੋਈ !
ਸਾਲਕੁ ਮਿਤੁ ਨ ਰਹਿਓ ਕੋਈ,
ਭਾਈ ਬੰਧੀ ਹੇਤੁ ਚੁਕਾਇਆ,
ਦੁਨੀਆ ਕਾਰਣਿ ਦੀਨੁ ਗਵਾਇਆ. ਸਲੋਕ, ੧੪੧੦.

772. O, what has the world come to !
no guide of the way, no friend is left in it.
Even brothers and relatives
have lost the element of love.
O, it is for the sake of this world
that people lose even faith in God ! Slok, 1410.

(iv)

359

FOREIGN INVADER

ਬਦੇਸ਼ੀ ਹਮਲਾਆਵਰ, ਜਰਵਾਣਾ

੭੭੩. ਕੋਟੀ ਹੂ ਪੀਰ ਵਰਜਿ ਰਹਾਏ,
ਜਾ ਮੀਰੁ ਸੁਣਿਆ ਧਾਇਆ.
ਥਾਨ ਮੁਕਾਮ ਜਲੇ ਬਿਜ ਮੰਦਰ,
ਮੁਛਿ ਮੁਛਿ ਕੁਇਰ ਰੁਲਾਇਆ.
ਕੋਈ ਮੁਗਲੁ ਨ ਹੋਆ ਅੰਧਾ,
ਕਿਨੈ ਨ ਪਰਚਾ ਲਾਇਆ ! ਆਸਾ, ੪੧੭-੧੮.

773. On hearing of the invasion of Babur,
millions of Muslim divines prayed for his halting,
but failed to halt him.
Then Babur rushed to burn down
their houses, resting-places and age-old temples.
He cut their princes into pieces
and threw them to the winds.
In spite of all that,
not a single Mughal became blind
and no one performed any miracle
to save the people from that disaster !

Asa, 417-18.

੭੭੪. ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨੁ, ਵੇ ਲਾਲੋ ! ਤਿਲੰਗ, ੭੨੨.

774. Babur (the Mughal) has rushed from Kabul,
with the wedding-party of sin
And forcibly demands
the possession of our motherland.
(*or* the submission of our womanhood.) Tilang, 722.

੭੭੫. ਕਾਇਆ ਕਪੜੁ ਟੁਕੁ ਟੁਕੁ ਹੋਸੀ,
ਹਿੰਦੁਸਤਾਨ ਸਮਾਲਸੀ ਬੋਲਾ. ਤਿਲੰਗ, ੭੨੩.

775. When the bodies of our countrymen
are torn like shreds of cloth,
India will realise the truth of what I say. Tilang, 723.

੭੭੬. ਖੁਰਾਸਾਨ ਖਸਮਾਨਾ ਕੀਆ,
ਹਿੰਦੁਸਤਾਨੁ ਡਰਾਇਆ.
ਆਪੈ ਦੋਸੁ ਨ ਦੇਈ ਕਰਤਾ,
ਜਮੁ ਕਰਿ ਮੁਗਲੁ ਚੜਾਇਆ. ਆਸਾ, ੩੬੦.

776. You have saved Khurasan and terrified India.
Creator !
As you do not take the responsibility
(of punishing the evil-doers) on Yourself,
You have sent Babur, the Mughal,
as Your Regent of Death. Asa, 360

(v)

360

FOREIGN INVASION

ਬਦੇਸ਼ੀ ਹਮਲਾ

੭੭੭. ਸਾਹਾਂ ਸੁਰਤਿ ਗਵਾਈਆ,
ਰੰਗਿ ਤਮਾਸੈ ਚਾਇ.
ਬਾਬਰਵਾਣੀ ਫਿਰਿ ਗਈ,
ਕੁਇਰੁ ਨ ਰੋਟੀ ਖਾਇ. ਆਸਾ, ੪੧੭.

777. Indian rulers lost their senses
in the pursuit of sensuous pleasure.
Now, when Babur has invaded
and desolation has followed his foot-steps,
Even their princes cannot get bread
enough to eat in peace. Asa, 417.

੭੭੮. ਧਨੁ ਜੋਬਨੁ ਦੁਇ ਵੈਰੀ ਹੋਏ,
ਜਿਨੀ ਰਖੇ ਰੰਗੁ ਲਾਇ.
ਦੂਤਾ ਨੋ ਫੁਰਮਾਇਆ,
ਲੈ ਚਲੇ ਪਤਿ ਗਵਾਇ. ਆਸਾ, ੪੧੭.

778. Those riches and beauty
which were once their greatest assets,
And afforded them many pleasures,
have now become their greatest enemies.
The barbarous soldiers have been ordered
to deal with them ruthlessly.
They have dishonoured them
and have carried them off. Asa, 417.

੭੭੯. ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ, ਵੇ ਲਾਲੋ ! ਤਿਲੰਗ, ੭੨੨.

779. Modesty and righteousness
have gone into hiding
And falsehood is strutting about in false glory.
Tilang, 722.

੭੮੦. ਰਾਮੁ ਨ ਕਬਹੂ ਚੇਤਿਓ,
ਹੁਣਿ ਕਹਣਿ ਨ ਮਿਲੈ ਖੁਦਾਇ. ਆਸਾ, ੪੧੭.

780. They who never thought of their own Rama
in time of comfort,
Are now not acceptable even if they utter Allah
(to appease the Mughal tyrants or to reach safety
and maintain their honour). Asa, 417.

੭੮੧. ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ, ਵੇ ਲਾਲੋ ! ਤਿਲੰਗ, ੭੨੨.

781. People are singing the wedding-songs
of murder and slaughter.
The wedded-ones are being anointed
with blood instead of saffron. Tilang, 722.

੭੮੨. ਏਤੀ ਮਾਰ ਪਈ ਕਰਲਾਣੇ,
ਤੈਂ ਕੀ ਦਰਦੁ ਨ ਆਇਆ ? ਆਸਾ, ੩੬੦.

782. The people were tortured so ruthlessly
that they wailed and cried out to Heaven.
Did it not awaken any pity for them
in You, O Lord ? Asa, 360.

(vi)

FOREIGN INFLUENCE

ਬਦੇਸ਼ੀ ਪਰਭਾਵ

361

(1)

FOREIGN INFLUENCE ON RELIGION AND CULTURE

ਧਰਮ ਅਤੇ ਸਭਿਆਚਾਰ ਉਤੇ ਬਦੇਸ਼ੀ ਪਰਭਾਵ

੭੮੩. ਖਤ੍ਰੀਆ ਤ ਧਰਮੁ ਛੋਡਿਆ,

ਮਲੇਛ ਭਾਖਿਆ ਗਹੀ.

ਸ੍ਰਿਸਟਿ ਸਭ ਇਕ ਵਰਨ ਹੋਈ,

ਧਰਮ ਕੀ ਗਤਿ ਰਹੀ. ਧਨਾਸਰੀ, ੬੬੩.

783. The *Kshatriyas* have forsaken their true function

and have adopted the language of the aliens.

They have lost their distinctiveness

by pursuing the ways of the foreign rulers.

Now no one cherishes any regard

for religion and righteousness. Dhanasri, 663.

362

(2)

FOREIGN INFLUENCE ON GOD'S IMAGE :
ਰੱਬ ਦੇ ਸੰਕਲਪ ਉਤੇ ਬਦੇਸ਼ੀ ਪਰਭਾਵ

੭੮੪. ਆਦਿ ਪੁਰਖੁ ਕਉ ਅਲਹੁ ਕਹੀਐ,

ਸੇਖਾਂ ਆਈ ਵਾਰੀ.

ਦੇਵਲ ਦੇਵਤਿਆ ਕਰੁ ਲਾਗਾ,

ਐਸੀ ਕੀਰਤਿ ਚਾਲੀ. ਬਸੰਤੁ, ੧੧੯੧.

784. Now that the *Sheikhs* have gained an upper hand,

the Primal Lord has come to be called *Allah.*

and Hindu gods and temples have been taxed,

Such has become the way and practice now.

Basant, 1191.

੭੮੫. ਕੂਜਾ, ਬਾਂਗ, ਨਿਵਾਜ, ਮੁਸਲਾ,

ਨੀਲ ਰੂਪ ਬਨਵਾਰੀ. ਬਸੰਤੁ, ੧੧੯੧.

785. The ablution-pot, the call to prayer,

the prayer and the prayer-mat

have taken to the Muslim way.

Even the image of God has been robed in blue

to appease the foreign rulers. Basant, 1191.

363

(3)

FOREIGN INFLUENCE ON WORSHIP

ਪਾਠ-ਪੂਜਾ ਉਤੇ ਬਦੇਸ਼ੀ ਪਰਭਾਵ

੭੮੬. ਅੰਤਰਿ ਪੂਜਾ, ਪੜਹਿ ਕਤੇਬਾ,
ਸੰਜਮੁ ਤੁਰਕਾ ਭਾਈ.
ਛੋਡੀਲੇ ਪਾਖੰਡਾ !
ਨਾਮਿ ਲਇਐ ਜਾਹਿ ਤਰੰਦਾ. ਆਸਾ, ੪੭੧.

786. You perform Hindu worship in private
but outside you read Muslim scriptures
and adopt their ways.
Leave aside hypocrisy, brothers !
and take to God's Name;
For, it is only by cherishing this
that you will be able to cross the sea of *Maya*.
(i.e. to get liberation) Asa, 471.

364

(4)

FOREIGN INFLUENCE ON LANGUAGE

ਬੋਲੀ ਉਤੇ ਬਦੇਸ਼ੀ ਪਰਭਾਵ

੭੮੭. ਘਰਿ ਘਰਿ ਮੀਆ, ਸਭਨਾਂ ਜੀਆਂ,
ਬੋਲੀ ਅਵਰ ਤੁਮਾਰੀ. ਬਸੰਤੁ, ੧੧੯੧.

787. People have changed their tongue
and prefer to be greeted
in the Muslim way. Basant, 1191.

੭੮੮. ਖਤ੍ਰੀਆ ਤ ਧਰਮੁ ਛੋਡਿਆ,
ਮਲੇਛ ਭਾਖਿਆ ਗਹੀ. ਧਨਾਸਰੀ, ੬੬੩.

788. The *Kshatriyas* have forsaken their religion.
and have adopted the
language of the foreign usurpers. Dhanasri, 663.

365
(5)

FOREIGN INFLUENCE ON CODE
ਧਾਰਮਕ ਨੇਮਾਵਲੀ ਉਤੇ ਬਦੇਸ਼ੀ ਪਰਭਾਵ

੭੮੯. ਕਲਿ ਕਲਵਾਲੀ ਸਰਾ ਨਿਬੇੜੀ,
ਕਾਜੀ ਕ੍ਰਿਸਨਾ ਹੋਆ. ਰਾਮਕਲੀ, ੯੦੩.

789. In this distressful Kali-age,
the Shariat Law (of the Muslims) is operative
And the *Qazi* (the Muslim judge) is exalted
as Lord Krishna (i.e. a Hindu deity). Ramkali, 903.

366
(6)

FOREIGN INFLUENCE ON SCRIPTURES
ਧਰਮ-ਪੁਸਤਕਾਂ ਉਤੇ ਬਦੇਸ਼ੀ ਪਰਭਾਵ

੭੯੦. ਕਲਿ ਪਰਵਾਣੁ ਕਤੇਬ ਕੁਰਾਣੁ,
ਪੋਥੀ, ਪੰਡਿਤ ਰਹੇ ਪੁਰਾਣ.
ਨਾਨਕ ਨਾਉ ਭਇਆ ਰਹਮਾਣੁ,
ਕਰਿ ਕਰਤਾ ਤੂ ਏਕੋ ਜਾਣੁ. ਰਾਮਕਲੀ, ੯੦੩.

790. In the present Age,
the Quran and other Mohammadan scriptures
have become the Approved Books.
The Brahmins, the Puranas and other Hindu Scriptures
are not being given due respect.
The name of God has also been changed into Rehman
But whatever be His name,
know Him as One;
For, He alone is the Creator of all Creation
and will remain as such
through all eternity. Ramkali, 903.

367

(7)

FOREIGN INFLUENCE ON WEAR/DRESS

ਪੁਸ਼ਾਕ ਉਤੇ ਬਦੇਸ਼ੀ ਪਰਭਾਵ

੭੯੧. ਨੀਲ ਵਸਤ੍ਰ ਪਹਿਰਿ

ਹੋਵਹਿ ਪਰਵਾਣੁ. ਆਸਾ, ੪੭੨.

791. They wear blue clothes

in order to be acceptable to the ruling class. Asa, 472.

368

(8)

FOREIGN INFLUENCE ON FOOD

ਖ਼ੁਰਾਕ ਉਤੇ ਬਦੇਸ਼ੀ ਪਰਭਾਵ

੭੯੨. ਅਭਾਖਿਆ ਕਾ ਕੁਠਾ ਬਕਰਾ ਖਾਣਾ,

ਚਉਕੇ ਉਪਰਿ ਕਿਸੈ ਨ ਜਾਣਾ. ਆਸਾ, ੪੭੨.

792. They eat the he-goats

slaughtered in the Muslim way

by uttering foreign words;

Yet, they will not allow anyone

to enter their cooking-squares,

lest these should be defiled. Asa, 472.

(vii)

GENERAL SITUATION : ਆਮ ਦਸ਼ਾ

369

(1)

RELIGION, CULTURE AND CHARACTER
ਧਰਮ, ਸਭਿਆਚਾਰ ਅਤੇ ਸਦਾਚਾਰ

੭੯੩. ਕਾਲੁ ਨਾਹੀ, ਜੋਗੁ ਨਾਹੀ,
ਨਾਹੀ ਸਤ ਕਾ ਢਬੁ.
ਥਾਨਸਟ ਜਗ ਭਰਿਸਟ ਹੋਏ,
ਡੂਬਤਾ ਇਵ ਜਗੁ. ਧਨਾਸਰੀ, ੬੬੨.

793. The time has gone
when people knew the way
of true Union and Truth.
Now, even places of worship stand polluted.
The whole world is, thus, coming to ruin. Dhanasri, 662.

੭੯੪. ਸਰਮ ਧਰਮ ਕਾ ਡੇਰਾ ਦੂਰਿ.
ਨਾਨਕ ਕੂੜੁ ਰਹਿਆ ਭਰਪੂਰਿ. ਆਸਾ, ੪੭੧

794. They are lost to all sense of duty and decency.
And falsehood prevails everywhere. Asa, 471.

370

(2)

RULERS AND OFFICIALS
ਰਾਜੇ ਅਤੇ ਕਰਮਚਾਰੀ

੭੯੫. ਰਾਜੇ ਸੀਹ, ਮੁਕਦਮ ਕੁਤੇ ;
ਜਾਇ ਜਗਾਇਨਿ ਬੈਠੇ ਸੁਤੇ.
ਚਾਕਰ ਨਹਦਾ ਪਾਇਨਿ ਘਾਉ,
ਰਤੁ ਪਿਤੁ ਕੁਤਿਹੋ ਚਟਿ ਜਾਹੁ. ਮਲਾਰ, ੧੨੮੮.

795. The rulers are turned tigers
and their officers hounds
who awaken people sleeping peacefully.
(i.e. do not let people to rest in peace).
Their subordinates wound them with their claws
and lick up all the blood and marrow
that is spilt. Malar, 1288.

371

(3)

RULERS AND THE RULED
ਰਾਜੇ ਅਤੇ ਪਰਜਾ

੭੯੬. ਲਬੁ ਪਾਪੁ ਦੁਇ ਰਾਜਾ ਮਹਤਾ,
ਕੂੜੁ ਹੋਆ ਸਿਕਦਾਰੁ.
ਕਾਮੁ ਨੇਬੁ ਸਦਿ ਪੁਛੀਐ,
ਬਹਿ ਬਹਿ ਕਰੇ ਬੀਚਾਰੁ.
ਅੰਧੀ ਰਯਤਿ ਗਿਆਨ ਵਿਹੂਣੀ,
ਭਾਹਿ ਭਰੇ ਮੁਰਦਾਰੁ. ਆਸਾ, ੪੬੮-੬੯.

796. Evil is the king
and avarice is his minister.
Falsehood is the mint-master
and lust is the deputy.
They sit and confabulate together.
The subjects are blind and bereft of understanding.
They submit to their will like the dead. Asa, 468-69.

372

(4)

LEADERS OF RELIGION AND SOCIETY
ਧਰਮ ਅਤੇ ਸਮਾਜ ਦੇ ਆਗੂ

੭੯੭. ਕਾਦੀ ਕੂੜੁ ਬੋਲਿ ਮਲੁ ਖਾਇ,
ਬ੍ਰਾਹਮਣੁ ਨਾਵੈ ਜੀਆ ਘਾਇ.
ਜੋਗੀ ਜੁਗਤਿ ਨ ਜਾਣੈ ਅੰਧੁ
ਤੀਨੇ ਓਜਾੜੇ ਕਾ ਬੰਧੁ. ਧਨਾਸਰੀ, ੬੨੨.

797. The *Qazi*[1] utters lies
and so eats filth.
The *Brahmin*[2] slays life
and makes show of pious bathing.
The *Yogi*[3], blind of insight,
himself knows not the true praxis.
All three, thus, lead the people to desolation. Dhanasri, 622.

1.*QAZI*: Judge, one adept in Islamic Law. 2. *BRAHMIN*: Member of the first of the four castes of the Hindu social order. 3. *YOGI*: One who performs Yog; a contemplative saint; an ascetic, a hermit; one supposed to have obtained supernatural powers.

373

(5)

MEN AND WOMEN

ਮਰਦ ਅਤੇ ਜ਼ਨਾਨੀਆਂ

੭੯੮ ਰੰਨਾ ਹੋਈਆ ਬੋਧੀਆ,

ਪੁਰਸ ਹੋਏ ਸਈਆਦ.

ਸੀਲੁ, ਸੰਜਮੁ, ਸੁਚ ਭੰਨੀ,

ਖਾਣਾ ਖਾਜੁ ਅਹਾਜੁ.

ਸਰਮੁ ਗਇਆ ਘਰਿ ਆਪਣੈ,

ਪਤਿ ਉਠਿ ਚਲੀ ਨਾਲਿ. ਸਾਰੰਗ, ੧੨੪੩.

798. Women have become submissive,

while men have become cruel.

They have lost all sense of self-culture,

self-control, self-respect and self-help.

They have also forsaken

the virtues of good conduct, restraint, piety and decency;

and eat what they should avoid. Sarang, 1243.

੭੯੯. ਮਾਣਸ ਮੂਰਤਿ ਨਾਨਕੁ ਨਾਮੁ.

ਕਰਣੀ ਕੁਤਾ, ਦਰਿ ਫੁਰਮਾਨੁ. ਆਸਾ, ੩੫੦.

799. Men are men only in name and shape.

In their deeds, they are just like dogs,

waiting for commands at the door of others. Asa, 350.

374

(6)

PROFESSEDLY RELIGIOUS MEN

ਜ਼ਾਹਿਰਨ ਜਾਂ ਨਾਂ-ਧਰੀਕ ਧਰਮੀ ਪੁਰਸ਼

੮੦੦. ਮਾਣਸ ਖਾਣੇ ਕਰਹਿ ਨਿਵਾਜ,
ਛੁਰੀ ਵਗਾਇਨਿ ਤਿਨ ਗਲਿ ਤਾਗ. ਆਸਾ, ੪੭੧.

800. They who devour human beings
offer *Namaz* (i.e., perform Muslim prayers).
They who wield the butcher's knife,
wear the sacred-threads round their necks ! Asa, 471

੮੦੧. ਮਥੈ ਟਿਕਾ, ਤੇੜਿ ਧੋਤੀ ਕਖਾਈ,
ਹਥਿ ਛੁਰੀ ਜਗਤ ਕਾਸਾਈ. ਆਸਾ, ੪੭੧.

801. With the paste-marks on their foreheads
and their lion-cloths with stuck-up ends,
They are actually the butchers of the world,
holding knives in their hands. Asa, 471.

375

(7)

LAHORE CITY

ਲਾਹੌਰ ਸ਼ਹਿਰ

੮੦੨. ਲਾਹੌਰ ਸਹਰੁ,
ਜਹਰੁ ਕਹਰੁ, ਸਵਾ ਪਹਰੁ. ਸਲੋਕ, ੧੪੧੨.

802. God's curse is upon the city of Lahore
for a quarter of the day,
(owing to the bloodshed and destruction
wrought by Babur in 1524 A.D.) Slok, 1412.

376

(8)

LIFE AND PEOPLE

ਜੀਵਨ ਅਤੇ ਜਨਤਾ

੮੦੩. ਜੀਵਨ ਤਲਬ ਨਿਵਾਰਿ;
ਹੋਵੈ ਪਰਵਾਣਾ, ਕਰਹਿ ਧਿਙਾਣਾ,
ਕਲਿ ਲਖਣ ਵੀਚਾਰਿ. ਰਾਮਕਲੀ, ੯੦੨.

803. Shed your desire to remain alive
in these turbulent times.
As the distinguishing feature of the Kali-age is
to approve of those who are aggressors
and are tyranising over others. Ramkali, 902.

੮੦੪. ਜਿਸੁ ਸਿਕਦਾਰੀ ਤਿਸਹਿ ਖੁਆਰੀ,
ਚਾਕਰ ਕੇਹੇ ਡਰਣਾ ;
ਜਾ ਸਿਕਦਾਰੈ ਪਵੈ ਜੰਜੀਰੀ,
ਤਾ ਚਾਕਰ ਹਥਹੁ ਮਰਣਾ. ਰਾਮਕਲੀ, ੯੦੨.

804. The master suffers humiliation,
while the servant has nothing to fear.
Whenever the master is chained,
he dies at the hands of his own servant. Ramkali, 902.

੮੦੫. ਜੇ ਕੋ ਸਤੁ ਕਰੇ ਸੋ ਛੀਜੈ,
ਤਪ ਘਰਿ ਤਪੁ ਨ ਹੋਈ ;
ਜੇ ਕੋ ਨਾਉ ਲਏ ਬਦਨਾਵੀ,
ਕਲਿ ਕੇ ਲਖਣ ਏਈ. ਰਾਮਕਲੀ, ੯੦੨.

805. Whoever practises truth in this Age, is humaliated.
Whoever labours hard, faces frustration.
Whoever utters God's Name, is maligned.
These are some of the characteristics
of the present Age. Ramkali, 902.

377

(9)

INJUSTICE AND CORRUPTION

ਅਨਿਆਂ, ਵੱਢੀਖੋਰੀ ਤੇ ਭ੍ਰਿਸ਼ਟਾਚਾਰ

੮੦੬. ਕਾਜੀ ਹੋਇ ਕੈ, ਬਹੈ ਨਿਆਇ,

ਫੇਰੇ ਤਸਬੀ, ਕਰੇ ਖੁਦਾਇ ;

ਵਢੀ ਲੈ ਕੈ, ਹਕੁ ਗਵਾਏ,

ਜੇ ਕੋ ਪੁਛੈ, ਤਾ ਪੜਿ ਸੁਣਾਏ. ਰਾਮਕਲੀ, ੯੫੧.

806. The *Qazi* who sits to dispense justice.

mumbles God's Name while telling the rosary;

yet,takes bribes and commits injustice.

If someone asks for

the basis or reason for his decision,

he does not hesitate

in reading out chapter and verse. Ramkali, 951.

378

(10)

KING AND JUSTICE

ਹਾਕਮ ਅਤੇ ਹੱਕ-ਨਿਆਂ

੮੦੭. ਰਾਜਾ ਨਿਆਉ ਕਰੇ, ਹਥਿ ਹੋਇ;

ਕਹੈ ਖੁਦਾਇ, ਨ ਮਾਨੈ ਕੋਇ. ਆਸਾ, ੩੫੦.

807. The king administers justice

only if his palm is greased.

He does not move, at all,

in the name of God. Asa, 350.

379

(11)

MEN OF CHARITY

ਦਾਨੀ ਲੋਕ

੮੦੮. ਸਤੀ ਪਾਪੁ ਕਰਿ ਸਤੁ ਕਮਾਹਿ.
ਗੁਰ ਦੀਖਿਆ ਘਰਿ ਦੇਵਣ ਜਾਹਿ. ਰਾਮਕਲੀ, ੯੫੧.

808. The 'men of charity' give in charity
the wealth gathered by them through sin;
And their 'Guru' himself goes to their homes
to impart instruction to them. Ramkali, 951.

380

(12)

FAMILY LIFE

ਘਰੋਗੀ ਜੀਵਨ

੮੦੯. ਇਸਤਰੀ ਪੁਰਖੈ ਖਟਿਐ ਭਾਉ.
ਭਾਵੈ ਆਵਉ, ਭਾਵੈ ਜਾਉ. ਰਾਮਕਲੀ, ੯੫੧.

809. The women love the men
for their earnings.
Otherwise it does not matter to them
where they come from
or to where they go. Ramkali, 951.

381

(13)

RELIGION AND CULTURE

ਧਰਮ ਅਤੇ ਸਭਿਆਚਾਰ

੮੧੦. ਸਾਸਤੁ ਬੇਦੁ ਨ ਮਾਨੈ ਕੋਇ.
ਆਪੋ ਆਪੈ ਪੂਜਾ ਹੋਇ. ਰਾਮਕਲੀ, ੯੫੧.

810. None accepts the authority
of the Vedas and Shastras
(that is, do not follow the teachings of scriptures).
Everyone worships only himself
(that is, looks after his own interest). Ramkali, 951.

382

(viii)

SIN PREVAILS ALL AROUND

ਪਾਪ ਦਾ ਵਿਆਪਕ ਵਰਤਾਰਾ

ਗੁਰੂਦੇਵ ਨੇ ਸੁਮੇਰ ਪਰਬਤ ਦੇ ਸਿੱਧਾਂ ਨੂੰ ਦਸਿਆ :

੮੧੧. "ਕਲੁ ਆਈ ਕੁਤੇਮੁਹੀ, ਖਾਜ ਹੁਆ ਮੁਰਦਾਰੁ ਗੁਸਾਈ.
ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ.
ਪਰਜਾ ਅੰਧੀ ਗਿਆਨ ਬਿਨੁ. ਕੂੜ ਕੁਸੱਤ ਮੁਖਹੁ ਆਲਾਈ.
ਚੇਲੇ ਸਾਜ ਵਜਾਇੰਦੇ, ਨੱਚਣ ਗੁਰੂ ਬਹੁਤੁ ਬਿਧਿ ਭਾਈ.
ਸੇਵਕ ਬੈਠਣ ਘਰਾਂ ਵਿਚ, ਗੁਰ ਉਠ ਘਰੀਂ ਤਿਨਾੜੇ ਜਾਈ.
ਕਾਜ਼ੀ ਹੋਏ ਰਿਸ਼ਵਤੀ, ਵਢੀ ਲੈ ਕੇ ਹੱਕ ਗਵਾਈ.
ਇਸਤ੍ਰੀ ਪੁਰਖੈ ਦਮ ਹਿਤੁ, ਭਾਵੈ ਆਇ ਕਿਥਾਊਂ ਜਾਈ.
ਵਰਤਿਆ ਪਾਪ ਸਭਸਿ ਜਗ ਮਾਹੀ." ਵਾਰਾਂ ਭਾਈ ਗੁਰਦਾਸ, ੧/੩੦.

Guru Nanak told the Siddhas of the Mount Sumer :

811. "It is the Kali-age over there.
People behave like the dogs
which feed on the flesh of corpses.
The rulers commit sinful deeds.
The fences are thus eating up the crops,
they are meant to protect.
The subjects being ignorant and slavish,
have become blind.
They utter evil and tell untold lies.
The disciples play the tune
and their preceptors dance to it in so many ways.
The servants sit at ease in their homes,
and the masters have to visit them there.
The judges have become corrupt,
take bribes and do injustice.
Love between man and woman exists just for money.
They meet and depart at will.
Sin prevails
throughout the whole world." Varan Bhai Gurdas, 130

383

(ix)

THE WAY OUT

ਬਚਾਓ ਦਾ ਰਾਹ

੮੧੨. ਆਖੁ ਗੁਣਾ ਕਲਿ ਆਈਐ !

ਤਿਹੁ ਜੁਗ ਕੇਰਾ ਰਹਿਆ ਤਪਾਵਸੁ,

ਜੇ ਗੁਣ ਦੇਹਿ, ਤੇ ਪਾਈਐ. ਰਾਮਕਲੀ, ੯੦੩.

812. Utter Divine laudation

for, the Kali-age is come.

The justice of the past three Ages

is no longer administered.

One can find the way out of this situation

only if one is blessed with the requisite virtues

by the Almighty Himself.

Ramkali, 903.

੮੧੩. ਕਲ ਮਹਿ

ਰਾਮ ਨਾਮੁ ਸਾਰੁ. ਧਨਾਸਰੀ, ੬੬੨.

813. In the Kali-age,

the most sublime thing is

the Name of God. Dhanasri, 662.

384

XI

GURU NANAK DEV'S TRAVELS

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ/ਪ੍ਰਚਾਰਫੇਰੀਆਂ

ਸਿੱਧਾਂ ਨੇ ਪੁਛਿਆ :

੮੧੪. ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ?
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ?
ਕਿਸੁ ਵਖਰ ਕੇ ਤੁਮ ਵਣਜਾਰੇ ?
ਕਿਉਕਰਿ ਸਾਥੁ ਲੰਘਾਵਹੁ ਪਾਰੇ ? ਰਾਮਕਲੀ, ੯੩੯.

Siddhas asked :

814. "Why have you forsaken your home
and have become a recluse ?
Why have you donned
the garb of a mendicant ?
What is the merchandise that you seek to trade ?
How will you ferry your associates across ?" Ramkali, 939.

ਗੁਰੂਦੇਵ ਨੇ ਦਸਿਆ :

੮੧੫. ਗੁਰਮੁਖਿ ਖੋਜਤ ਭਏ ਉਦਾਸੀ,
ਦਰਸਨ ਕੈ ਤਾਈ ਭੇਖ ਨਿਵਾਸੀ.
ਸਾਚ ਵਖਰ ਕੇ ਹਮ ਵਣਜਾਰੇ,
ਨਾਨਕ ਗੁਰਮੁਖਿ ਉਤਰਸਿ ਪਾਰੇ. ਰਾਮਕਲੀ, ੯੩੯.

Guru Nanak answered :

815. "I left my home in search of
the righteous and enlightened
And follow this course
in order to evolve a new philosophy of life.
Being a pedlar of Truth,
I trade in Truth.
I shall ferry my associates across
(the Ocean of Existence)."
by the grace of God and guidance of the Guru.
Ramkali, 939.

385

GURU NANAK DEV'S UNION WITH GOD

ਗੁਰੂ ਨਾਨਕ ਦੇਵ ਜੀ ਦੀ ਪ੍ਰਭੂ-ਮਿਲਣੀ

੮੧੬. ਸਾਜਨ ਸਹਜਿ ਮਿਲੇ,
ਗੁਣ ਗਹਿ, ਅੰਕਿ ਸਮਾਨਿਆ. ਤੁਖਾਰੀ, ੧੧੦੯

816. Union with the Beloved
has come to me spontaneously.
As I have imbibed His qualities,
He has permeated my whole being. Tukhari, 1109.

੮੧੭. ਨਾਨਕ ਮੇਲਿ ਲਈ ਗੁਰਿ ਅਪਣੈ,
ਘਰਿ ਵਰ ਪਾਇਆ ਨਾਰੀ. ਤੁਖਾਰੀ, ੧੧੦੯

817. My Guru-God has brought me
into union with Himself.
I, a mere woman, have thus found
the Spouse in my own home. Tukhari, 1109.

੮੧੮. ਨਾਨਕ ਅਹਿਨਿਸਿ ਰਾਵੈ ਪ੍ਰੀਤਮੁ,
ਹਰਿ ਵਰੁ ਥਿਰੁ ਸੋਹਾਗੋ. ਤੁਖਾਰੀ, ੧੧੧੦.

818. She who cherishes love of the Spouse day and night,
is of eternally blessed matrimony. Tukhari, 1110.

386

GURU NANAK DEV'S UNIVERSAL PRAYER

ਗੁਰੂ ਨਾਨਕ ਦੇਵ ਜੀ ਦੀ ਵਿਸ਼ਵ-ਅਰਦਾਸ

੮੧੯. ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ. ਸਿੱਖ-ਅਰਦਾਸ.

819. Prays Nanak,
'May Your Name, Your Glory, O God,
be ever in ascendant;
May the whole humanity be blessed with peace and prosperity
in Your Will, by Your grace' ! The Sikh Prayer.

387

GURU NANAK DEV'S WAY TO EMANCIPATION

ਗੁਰੂ ਨਾਨਕ ਦੇਵ ਜੀ ਦਾ ਮੁਕਤੀ-ਮਾਰਗ

੮੨੦. ਜਪ, ਤਪ, ਸੰਜਮ, ਕਰਮ ਨ ਜਾਨਾ;
ਨਾਮੁ ਜਪੀ ਪ੍ਰਭ ਤੇਰਾ.
ਗੁਰੁ ਪਰਮੇਸਰੁ ਨਾਨਕ ਭੇਟਿਓ ;
ਸਾਚੈ ਸਬਦਿ ਨਿਬੇਰਾ. ਰਾਮਕਲੀ, ੮੭੮.

820. I do not know the way of penance and contemplation,
rituals and self-mortification.
I dwell solely on Your Name, O God !
Thus, I have met with the Guru-God
and all my problems stand resolved
by dwelling upon the holy Word. Ramkali, 878.

388

GURU NANAK DEV'S YEARNING

ਗੁਰੂ ਨਾਨਕ ਦੇਵ ਜੀ ਦੀ ਤਾਂਘ/ਲੋਚਾ

੮੨੧. ਤਿਸੁ ਬਿਨੁ ਘੜੀ ਨਹੀ ਜਗਿ ਜੀਵਾਂ,
ਐਸੀ ਪਿਆਸ ਤਿਸਾਈ. ਮਲਾਰ, ੧੨੭੩.

821. Without Him (that is, God),
I cannot live even for a moment in the world.
Such is the intensity of my yearning. Malar, 1273.

੮੨੨. ਜੋਗੀ ਹੋਵੇ ਜੋਗਵੈ, ਭੋਗੀ ਹੋਵੈ ਖਾਇ.
ਤਪੀਆ ਹੋਵੈ ਤਪੁ ਕਰੇ, ਤੀਰਥਿ ਮਲਿ ਮਲਿ ਨਾਇ.
ਤੇਰਾ ਸਦੜਾ ਸੁਣੀਜੈ ਭਾਈ !
ਜੇ ਕੋ ਬਹੈ ਅਲਾਇ. ਸੂਹੀ, ੭੩੦.

822. The renunciator practises renunciation,
the reveller revels in temporal pleasures.
The ascetic practises austerities
and washes his body clean at the places of pilgrimage.
I but seek to hear only Your tiding, O Lord,
if someone sits with me and utters it to me. Suhi, 730.

389
GURU NANAK DEV'S YOGA
ਗੁਰੂ ਨਾਨਕ ਦੇਵ ਜੀ ਦਾ ਜੋਗ/ਯੋਗ

੮੨੩. ਸੁਰਤਿ ਸਬਦੁ, ਸਾਖੀ ਮੇਰੀ ਸਿੰਙੀ,

ਬਾਜੈ ਲੋਕੁ ਸੁਣੇ.

ਪਤੁ ਝੋਲੀ ਮੰਗਣ ਕੈ ਤਾਈ, ਭੀਖਿਆ ਨਾਮੁ ਪੜੈ. ਰਾਮਕਲੀ, ੮੭੭.

823. Guru's instruction is my horn (megaphone)

and I sing through it the Word

enshrined in my conscience.

People hear and enjoy this divine music.

In the begging-bowl of my body's patched coat,

I yearn to gather, as alms, God's Name. Ramkali, 877.

390
HAPPY WIFE
ਸੁਹਾਗਣ

੮੨੪. ਆਪਣੇ ਕੰਤ ਪਿਆਰੀ, ਸਾ ਸੋਹਾਗਣਿ... ਤਿਲੰਗ, ੭੨੨.

824. She who is dear to her husband,

is the happy wife. Tilang, 722.

੮੨੫. ਹਰਿ ਵਰੁ ਨਾਰਿ ਸੁਹਾਵਣੀ... ਸਿਰੀ, ੫੬.

825. Happy is the wife,

who has God as her husband. Siri, 56.

391

HAPPINESS

ਖ਼ੁਸ਼ੀ, ਪ੍ਰਸੰਨਤਾ

੮੨੬. ਮੁੰਧੇ ! ਗੁਣਹੀਣੀ ਸੁਖੁ ਕੇਹਿ ? ਸਿਰੀ, ੫੬

826. What happiness can there be
for one without merit, O lady ? Siri, 56.

੮੨੭. ਤਿਸੈ ਸਰੇਵਹੁ ਤਾ ਸੁਖੁ ਪਾਵਹੁ,
ਸਰਬ ਨਿਰੰਤਰਿ ਰਵਿ ਰਹਿਆ. ਆਸਾ, ੪੩੩.

827. Serve Him, the All–permeating Lord,
and receive, thereby, comfort and happiness. Asa, 433.

੮੨੮. ਪ੍ਰਣਵਤਿ ਨਾਨਕੁ ਹੁਕਮੁ ਪਛਾਣੈ,
ਸੁਖੁ ਹੋਵੈ ਦਿਨੁ ਰਾਤੀ. ਗਉੜੀ, ੧੫੬.

828. One who recognises God's command,
enjoys continuous happiness
and peace of mind. Gauri, 156.

392

HEART

ਦਿਲ, ਹਿਰਦਾ

੮੨੯. ਜਿਤੁ ਘਟਿ ਸਚੁ ਨ ਪਾਇ,
ਸੁ ਭੰਨਿ ਘੜਾਈਐ. ਮਾਝ, ੧੪੬.

829. The heart that does not cherish Truth,
must be dismantled and rebuilt. Majh, 146.

੮੩੦. ਪਾਣੀ ਚਿਤੁ ਨ ਧੋਪਈ,
ਮੁਖਿ ਪੀਤੈ ਤਿਖ ਜਾਇ, ਸਾਰੰਗ, ੧੨੪੦

830. Water, of course, quenches one's thirst
But it cannot wash,
and cleanse one's heart. Sarang, 1240

393

HEART-CLEANING

ਦਿਲ ਦੀ ਸਫ਼ਾਈ

੮੩੧. ਬਾਹਰਿ ਦੇਵ ਪਖਾਲੀਅਹਿ,
ਜੇ ਮਨੁ ਧੋਵੈ ਕੋਇ.
ਜੂਠਿ ਲਹੈ, ਜੀਉ ਮਾਜੀਐ,
ਮੋਖ ਪਇਆਣਾ ਹੋਇ. ਗੂਜਰੀ, ੪੮੯.

831. If instead of washing idols from without,
man washes his own heart from within,
The filth of his innerself will disappear,
his soul will become clean
And he will be ready to depar
to his deliverance. Gujri, 489.

394

HEAVEN

ਸਵਰਗ, ਭਿਸਤ, ਬਹਿਸ਼ਤ

੮੩੨. ਕਰਣੀ ਬਾਝਹੁ,
ਭਿਸਤਿ ਨ ਪਾਇ. ਰਾਮਕਲੀ, ੯੫੨.

832. Heaven is not attained
without good deeds. Ramkali, 952.

੮੩੩. ਗਲੀ ਭਿਸਤਿ ਨ ਜਾਈਐ,
ਛੁਟੈ ਸਚੁ ਕਮਾਇ. ਮਾਝ, ੧੪੧.

833. No one reaches heaven by mere chatter.
Salvation comes through living the truth. Majh, 141.

395

HELL

ਨਰਕ, ਦੋਜਕ, ਦੋਜ਼ਖ

੮੩੪. ...ਨਾਇ ਲਇਐ,

ਨਰਕਿ ਨ ਜਾਈਐ. ਆਸਾ, ੪੬੫.

834. By dwelling on God's Name,

one does not go to hell. Asa, 465.

396

HELL AND HEAVEN

ਨਰਕ-ਸਵਰਗ

੮੩੫. ਅਮਲੁ ਕਰਿ ਧਰਤੀ, ਬੀਜੁ ਸਬਦੋ ਕਰਿ,

ਸਚ ਕੀ ਆਬ ਨਿਤ ਦੇਹਿ ਪਾਣੀ;

ਹੋਇ ਕਿਰਸਾਣ, ਈਮਾਨੁ ਜੰਮਾਇ ਲੈ,

ਭਿਸਤੁ ਦੋਜਕੁ ਮੂੜੇ ਏਵ ਜਾਣੀ. ਸਿਰੀ, ੨੪.

835. Let good deeds be your soil

and the Guru's Word the seed.

Irrigate it daily with the water of truth.

Turn yourself into a cultivator

and let this crop of faith germinate;

enabling you, thereby, to know the difference

between the state of heaven and hell. Siri, 24.

397

HEREAFTER

ਅਗੋ, ਅਗਲੇ ਜਹਾਨ

੮੩੬. ਸਚੈ ਸਰਮੈ ਬਾਹਰੇ,
ਅਗੈ ਲਹਹਿ ਨ ਦਾਦਿ. ਸਾਰੰਗ, ੧੨੪੫.

836. They who do not cherish
Truth and Endeavour here,
shall not be honoured hereafter. Sarang, 1245.

੮੩੭. ਸੇ ਦੁਖ ਆਗੈ,
ਜਿ ਭੋਗ ਬਿਲਾਸੇ. ਮਲਾਰ, ੧੨੭੬.

837. Those who indulge in sensuous pleasures here,
suffer misery in the hereafter. Malar, 1276.

੮੩੮. ਆਗੈ ਪੂਛ ਨ ਹੋਵਈ,
ਜਿਸੁ ਬੇਲੀ ਗੁਰੁ ਕਰਤਾਰੁ. ਸਿਰੀ, ੬੨.

838. He whose protector is the Creator Himself,
is not questioned in the hereafter. Siri, 62.

੮੩੯. ਨਾਨਕ ਅਗੈ ਊਤਮ ਸੇਈ,
ਜਿ ਪਾਪਾਂ ਪੰਦਿ ਨ ਦੇਹੀ. ਸਿਰੀ, ੯੧.

839. They alone are held in high esteem hereafter,
who do not teach sinful ways, Siri, 91.

੮੪੦. ਅਗੈ ਕਰਣੀ ਕੀਰਤਿ ਵਾਚੀਐ,
ਬਹਿ ਲੇਖਾ ਕਰਿ ਸਮਝਾਇਆ. ਆਸਾ, ੪੬੪.

840. Hereafter, man's words and deeds are scrutinised
and he is brought to account for them. Asa, 464.

੮੪੧. ਨਾਨਕ ਅਗੈ ਸੋ ਮਿਲੈ,
ਜਿ ਖਟੇ ਘਾਲੇ ਦੇਇ. ਆਸਾ, ੪੭੨.

841. We get hereafter in proportion to that
which we give here out of our honest earnings.
Asa, 472.

398

HIGH AND LOW

ਉਚ ਅਤੇ ਨੀਚ

੮੪੨. ਨਾਨਕ ਉਤਮੁ ਨੀਚੁ ਨ ਕੋਇ. ਜਪੁ, ੭.

842. Of himself, no one can be high or low.

Alternate rendering:

There is no high or low degree before the Almighty. Jap, 7.

੮੪੩. ਖਸਮੁ ਵਿਸਾਰਹਿ ਤੇ ਕਮਜਾਤਿ.

ਨਾਨਕ ਨਾਵੈ ਬਾਝੁ ਸਨਾਤਿ. ਆਸਾ, ੧੦.

843. They who forget the Lord

are low-caste creatures.

For, without His Name

mortals are as outcaste wretches. Asa, 10.

੮੪੪. ਨੀਚਾ ਅੰਦਰਿ ਨੀਚ ਜਾਤਿ,

ਨੀਚੀ ਹੂ ਅਤਿ ਨੀਚੁ;

ਨਾਨਕੁ ਤਿਨ ਕੈ ਸੰਗਿ ਸਾਥਿ,

ਵਡਿਆ ਸਿਉ ਕਿਆ ਰੀਸ?

844. I myself am one among the innumerable ones,

rather the lowliest of the lowly.

And I seek the kinship of the lowliest,

the lowest among the low-born;

For, emulation of the high-born is in vain. Siri, 15.

OR Why emulate the (so-called) higher ones ?

੮੪੫. ਜਿਥੈ ਨੀਚ ਸਮਾਲੀਅਨਿ,

ਤਿਥੈ ਨਦਰਿ ਤੇਰੀ ਬਖਸੀਸ. ਸਿਰੀ, ੧੫.

845. God's elevating grace is there

where the lowly and down-trodden

The are properly looked after. Siri, 15.

399

HIGHEST THOUGHT

ਉੱਚਤਮ ਵਿਚਾਰ

੮੪੬. ਉਤਮੁ ਏਹੁ ਬੀਚਾਰੁ ਹੈ :
ਜਿਨਿ ਸਚੇ ਸਿਉ ਚਿਤੁ ਲਾਇਆ,
ਜਗਜੀਵਨੁ ਦਾਤਾ ਪਾਇਆ. ਆਸਾ, ੪੬੬.

846. The highest thought is this :
Whosoever attunes himself to the True One,
attains Him and finds in Him
the Giver of Universal Life. Asa, 466.

400

HINDUS

ਹਿੰਦੂ

੮੪੭. ਹਿੰਦੂ ਮੂਲੇ ਭੂਲੇ, ਅਖੁਟੀ ਜਾਂਹੀ.
ਨਾਰਦਿ ਕਹਿਆ ਸਿ ਪੂਜ ਕਰਾਂਹੀ...
ਪਾਥਰੁ ਲੇ ਪੂਜਹਿ ਮੁਗਧ ਗਵਾਰ.
ਓਹਿ ਜਾ ਆਪਿ ਡੁਬੇ, ਤੁਮ ਕਹਾ ਤਰਣਹਾਰੁ ? ਬਿਹਾਗੜਾ, ੫੫੬.

847. The Hindus having strayed from the Primal Lord,
are going the wrong way.
They worship idols, as instructed by Narad...
They, the ignorant ones, worship stone-gods,
not realising that stones which themselves sink,
cannot ferry others across. Bihagra, 556.

੮੪੮. ਚਉਕਾ ਦੇ ਕੈ ਸੁਚਾ ਹੋਇ.
ਐਸਾ ਹਿੰਦੂ ਵੇਖਹੁ ਕੋਇ. ਰਾਮਕਲੀ, ੯੫੧.

848. They plaster their cooking-squares
to become pure.
But rare is the Hindu
who is what he ought to be. Ramkali, 951.

401

HINDUS AND MUSLIMS

ਹਿੰਦੂ ਅਤੇ ਮੁਸਲਮਾਣ

੮੪੯. ਹਿੰਦੂ ਕੈ ਘਰਿ, ਹਿੰਦੂ ਆਵੈ,
ਸੂਤੁ ਜਨੇਊ, ਪੜਿ ਗਲਿ ਪਾਵੈ ;
ਸੂਤੁ ਪਾਇ, ਕਰੇ ਬੁਰਿਆਈ,
ਨਾਤਾ ਧੋਤਾ, ਥਾਇ ਨ ਪਾਈ. ਰਾਮਕਲੀ, ੯੫੧.

849. A (*Brahmin*) Hindu goes to the home of another Hindu
and chanting *mantras* (verses),
puts the 'sacred thread' round his neck.
But if, in spite of wearing the same,
he does evil
he is not accepted by God.
So, all his ceremonies and ritual bathing
have gone to waste.

Ramkali, 951.

੮੫੦. ਮੁਸਲਮਾਨੁ ਕਰੇ ਵਡਿਆਈ,
ਵਿਣੁ ਗੁਰ ਪੀਰੈ, ਕੋ ਥਾਇ ਨ ਪਾਈ.
ਰਾਹੁ ਦਸਾਇ, ਓਥੈ ਕੋ ਜਾਇ,
ਕਰਣੀ ਬਾਝਹੁ, ਭਿਸਤਿ ਨ ਪਾਇ. ਰਾਮਕਲੀ, ੯੫੨.

850. A Muslim praises his own faith
and is self-satisfied with his beliefs.
But he too is not accepted by God
if he does not act upon the teachings of his True Master.
Even if the right way is shown to him
rare is the one who reaches there;
For, without good deeds
no one is admitted into heaven. Ramkali, 952.

੮੫੧. ਏਥੇ ਜਾਣੈ ਸੁ ਜਾਇ ਸਿਞਾਣੈ,
ਹੋਰੁ ਫਕੜੁ ਹਿੰਦੂ ਮੁਸਲਮਾਣੈ.
ਸਭਨਾ ਕਾ ਦਰਿ ਲੇਖਾ ਹੋਇ,
ਕਰਣੀ ਬਾਝਹੁ, ਤਰੈ ਨਾ ਕੋਇ.
ਸਚੋ ਸਚੁ ਵਖਾਣੈ ਕੋਇ,
ਨਾਨਕ ਅਗੈ ਪੁਛ ਨ ਹੋਇ. ਰਾਮਕਲੀ, ੯੫੨.

851. They who know God here
will recognize Him hereafter.
The rest, whether Hindus or Muslims,
all is a vain boast.
Everyone is answerable to God
and no one is saved but for his good deeds.
But they who utter the Name of the Truest of the True,
are not brought to account hereafter. Ramkali, 952.

੮੫੨. ਪੁਛਣਿ ਖੋਲਿ ਕਿਤਾਬ ਨੋ,
"ਹਿੰਦੂ ਵਡਾ ਕਿ ਮੁਸਲਮਾਨੋਈ ?"
ਬਾਬਾ ਆਖੇ ਹਾਜੀਆਂ,
"ਸ਼ੁਭ ਅਮਲਾਂ ਬਾਝਹੁੰ ਦੋਵੇ ਰੋਈ.
ਹਿੰਦੂ ਮੁਸਲਮਾਨ ਦੋਇ,
ਦਰਗਹਿ ਅੰਦਰਿ ਲਹਿਨ ਨਾ ਢੋਈ". ਵਾਰਾਂ ਭਾਈ ਗੁਰਦਾਸ, ੧/੩੩.

852. Opening the book,
the *qazis* and priests at Mecca asked Guru Nanak,
"Who is the better or superior,
the Hindu or the Muslim" ?
The Guru replied,
"Divorced from good deeds,
both (will) be brought to weeping
and will not find refuge in God's Court."
Varan Bhai Gurdas, 1/33.

402
HOLY COMPANY/SOCIETY
ਸੰਗਤ, ਸਤਿਸੰਗ

੮੫੩. ਚੰਦਨ ਭਗਤਾ ਜੋਤਿ ਇਨੇਹੀ,
ਸਰਬੇ ਪਰਮਲੁ ਕਰਣਾ. ਤਿਲੰਗ, ੭੨੧.

853. Such is the nature of the true devotees
that they, like the scented *Chandan*,
impart their fragrance to all around them. Tilang, 721.

੮੫੪. ਲਖ ਸਿਆਣਪ ਜੇ ਕਰੀ,
ਲਖ ਸਿਉ ਪ੍ਰੀਤਿ ਮਿਲਾਪੁ.
ਬਿਨੁ ਸੰਗਤਿ ਸਾਧ ਨ ਧ੍ਰਾਪੀਆ,
ਬਿਨੁ ਨਾਵੈ ਦੂਖ ਸੰਤਾਪੁ. ਸਿਰੀ, ੨੦.

854. Even if one were to possess immense wisdom
and were to live in a loving association
with myriads of men;
without the society of the holy,
there would be no satisfaction;
and without the Name,
there would be pain and misery. Siri, 20.

403
HOLY CONGREGATION
ਸਤਿਸੰਗਤ, ਸਾਧ ਸੰਗਤ

੮੫੫. ਸਾਧ ਸੰਗਤਿ ਮਹਿ ਹਰਿ ਰਸੁ ਪਾਈਐ... ਸੋਰਠਿ, ੫੯੮.

855. The Lord's Essence is obtained
in the congregation of the holy. Sorath, 598.

੮੫੬. ਸਤਸੰਗਤਿ ਕੈਸੀ ਜਾਣੀਐ ?
ਜਿਥੈ ਏਕੋ ਨਾਮੁ ਵਖਾਣੀਐ. ਸਿਰੀ, ੭੨.

856. The holy congregation is a meeting
wherein nothing but
the Name of One alone is recited. Siri, 72.

404
HONEST SHOPKEEPING
ਸੱਚੀ/ਨੇਕਨੀਤ ਦੁਕਾਨਦਾਰੀ

੮੫੭. ਹਾਣੁ ਹਟੁ ਕਰਿ ਆਰਜਾ,
ਸਚੁ ਨਾਮੁ ਕਰਿ ਵਥੁ.
ਸੁਰਤਿ ਸੋਚ ਕਰਿ ਭਾਂਡਸਾਲ,
ਤਿਸੁ ਵਿਚਿ ਤਿਸ ਨੋ ਰਖੁ.
ਵਣਜਾਰਿਆ ਸਿਉ ਵਣਜੁ ਕਰਿ,
ਲੈ ਲਾਹਾ ਮਨ ਹਸੁ. ਸੋਰਠਿ, ੫੯੫.

857. Let transient life be your shop
and the true Divine Name your merchandise.
Let alertness and purity to be warehouse
and treasure in it the Name of God.
Deal only with the Lord's dealers,
take a fair profit and be happy. Sorath, 595.

405
HONEST WORK
ਸੁੱਚੀ/ਨੇਕਨੀਤ ਕਿਰਤ

੮੫੮. ਘਾਲਿ ਖਾਇ, ਕਿਛੁ ਹਥਹੁ ਦੇਇ.
ਨਾਨਕ ਰਾਹੁ ਪਛਾਣਹਿ ਸੇਇ. ਸਾਰੰਗ, ੧੨੪੫.

858. They alone have known the right way,
who earn their their livelihood
through hard work;
and share their earnings
with those in need. Sarang, 1245.

406
HOPE AND DESIRE
ਆਸਾ ਅਤੇ ਮਨਸਾ

੮੫੯. ਆਸਾ ਮਨਸਾ ਬੰਧਨੀ... ਸੋਰਠਿ, ੬੩੫.

859. Hope and desire are
as chains of the mind. Sorath, 635.

407
HOPES
ਆਸਾਂ, ਉਮੀਦਾਂ

੮੬੦. ਜਿਸ ਕੀ ਆਸਾ ਤਿਸ ਹੀ ਸਉਪਿ ਕੈ,
ਏਹੁ ਰਹਿਆ ਨਿਰਬਾਣੁ, ਪ੍ਰਭਾਤੀ, ੧੩੨੯.

860. Peace and Detachment come
from resting our hopes on Him
Who creates them in us. Prabhati, 1329

408
HOUSE OF EQUANIMITY
ਸਹਿਜ-ਘਰ

੮੬੧. ਗੁਰਿ ਕਹਿਆ, ਸਾ ਕਾਰ ਕਮਾਵਹੁ.
ਸਬਦੁ ਚੀਨਿ, ਸਹਜ ਘਰਿ ਆਵਹੁ. ਬਿਲਾਵਲੁ, ੮੩੨.

861. Do the task the Guru has enjoined upon you .
And reflecting on the Word,
get into the House of Equanimity. Bilawal, 832.

409
HOUSEHOLD
ਗ੍ਰਿਹਸਥ, ਘਰਬਾਰ

੮੬੨. ਸਚਿ ਸਿਮਰਿਐ, ਹੋਵੈ ਪਰਗਾਸੁ,
ਤਾ ਤੇ ਬਿਖਿਆ ਮਹਿ ਰਹੈ ਉਦਾਸੁ.
ਸਤਿਗੁਰ ਕੀ ਐਸੀ ਵਡਿਆਈ,
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ. ਧਨਾਸਰੀ, ੬੬੧.

862. Contemplation of the True Lord
brings that illumination
Which enables one
to remain unattached in the midst of worldly pleasures.
Such is the distinctive greatness
of the True Guru (Preceptor)
That through his grace and guidance
one can attain salvation,
even while living with one's wife and children
(i.e. leading a normal domestic life.) Dhanasari, 661.

410
HOUSEHOLDER
ਗ੍ਰਿਹਸਥੀ, ਘਰਬਾਰੀ

੮੬੩. ਸੋ ਗਿਰਹੀ ਜੋ ਨਿਗ੍ਰਹੁ ਕਰੈ.
ਜਪੁ, ਤਪੁ, ਸੰਜਮੁ ਭੀਖਿਆ ਕਰੈ. ਰਾਮਕਲੀ, ੯੫੨.

863. He alone is the ideal householder
who disciplines his passions
And begs from God the alms of
meditation, hard work and self-control. Ramkali, 952.

੮੬੪. ਪੁੰਨ ਦਾਨ ਕਾ ਕਰੇ ਸਰੀਰ;
ਸੋ ਗਿਰਹੀ ਗੰਗਾ ਕਾ ਨੀਰੁ. ਰਾਮਕਲੀ, ੯੫੨.

864. The householder
who gives in charity all he can afford,
is as pure as the water of the Ganges. Ramkali, 952.

411
HOUSEHOLDER AND RECLUSE
ਗ੍ਰਹਸਥੀ ਅਤੇ ਉਦਾਸੀ

੮੬੫. ਜਿਸ ਤੇ ਹੋਆ ਸੋਈ ਕਰਿ ਮਾਨਿਆ,
ਨਾਨਕ ਗਿਰਹੀ, ਉਦਾਸੀ ਸੋ ਪਰਵਾਣੁ. ਪ੍ਰਭਾਤੀ, ੧੩੨੯.

865. He alone is approved
as a householder or as a recluse
who accepts and adores Him
Who has created him. Prabhati, 1329.

412
HUMAN BODY
ਸਰੀਰ, ਕਾਇਆ, ਤਨ

੮੬੬. ਕਾਇਆ ਮਹਲੁ, ਮੰਦਰੁ, ਘਰੁ ਹਰਿ ਕਾ;
ਤਿਸੁ ਮਹਿ ਰਾਖੀ ਜੋਤਿ ਅਪਾਰ. ਮਲਾਰ, ੧੨੫੬.

866. Human body is the Palace, the Temple,
and the House of God
In which He has placed His infinite light. Malar, 1256.

੮੬੭. ਤ੍ਰਿਹੁ ਗੁਣ* ਬੰਧੀ ਦੇਹੁਰੀ,
ਜੋ ਆਇਆ ਜਗਿ ਸੋ ਖੇਲੁ. ਸਿਰੀ, ੨੧.

867. Human body is bound down
by the Three Dispositions.
Whoever is born,
lives within their limits. Siri, 21.

੮੬੮. ਕਾਇਆ ਸੋਚ ਨ ਪਾਈਐ,
ਬਿਨੁ ਹਰਿ ਭਗਤਿ ਪਿਆਰ. ਸਿਰੀ, ੫੯.

868. Human body is not cleaned
without the loving adoration of God. Siri, 59.

੮੬੯. ਦੇਹੀ ਅੰਦਰਿ ਨਾਮੁ ਨਿਵਾਸੀ,
ਆਪੇ ਕਰਤਾ ਹੈ ਅਬਿਨਾਸੀ. ਮਾਰੂ, ੧੦੨੬.

869. Within the body abides the Name of God
Who Himself is the Creator and is Immortal. Maru, 1026.

੮੭੦. ਨਾਨਕ ਇਹੁ ਤਨੁ ਜਾਲਿ,
ਜਿਨਿ ਜਲਿਐ ਨਾਮੁ ਵਿਸਾਰਿਆ. ਸੂਹੀ, ੭੮੯.

870. Burnt be the body
which has forsaken the Name of God. Suhi, 789.

***_TRI GUN_ : The three vital qualities or constituents of nature and every existing thing, which by their varying proportion determine the nature of all that exists.**

413

HUMAN LIFE

ਮਨੁੱਖਾ ਜੀਵਨ

੮੭੧. ਮਾਲ ਕੈ ਮਾਣੈ, ਰੂਪ ਕੀ ਸੋਭਾ,
ਇਤੁ ਬਿਧਿ ਜਨਮੁ ਗਵਾਇਆ. ਸਿਰੀ, 24.

871. Man wastes his life
in the pride of wealth
and the glamour of beauty. Siri, 24.

੮੭੨. ਰੈਣਿ ਗਵਾਈ ਸੋਇ ਕੈ,
ਦਿਵਸੁ ਗਵਾਇਆ ਖਾਇ.
ਹੀਰੇ ਜੈਸਾ ਜਨਮੁ ਹੈ,
ਕਉਡੀ ਬਦਲੇ ਜਾਇ. ਗਉੜੀ, ੧੫੬.

872. Man loses his nights in sleep
and days in eating and drinking.
This precious human life
is thus sold away
for a mere *courie* shell (i.e., nothing). Gauri, 156.

੮੭੩. ਸੇਵਤ ਰਹੇ ਚਿਤੁ ਜਿਨ ਕਾ ਲਾਗਾ,
ਆਇਆ ਤਿਨ ਕਾ ਸਫਲੁ ਭਇਆ. ਆਸਾ, ੪੩੨.

873. It is only they who love and serve God
that fulfil the object
of their coming into being. Asa, 432.

੮੭੪. ਰਜਿ ਨ ਕੋਈ ਜੀਵਿਆ,
ਪਹੁਚਿ ਨ ਚਲਿਆ ਕੋਇ. ਸਲੋਕ, ੧੪੧੨.

874. None lives long enough
to fulfil or exhaust his wishes
or accomplish all his tasks. Slok, 1412.

414

HUMILITY

ਨਿਮਰਤਾ, ਨਿਰਮਾਣਤਾ

੮੭੫. ਮਿਠਤੁ ਨੀਵੀ ਨਾਨਕਾ,

ਗੁਣ ਚੰਗਿਆਈਆ ਤਤੁ. ਆਸਾ, ੪੭੦.

875. Sweetness and humility

are the essence of all virtue

and good qualities. Asa, 470.

੮੭੬. ਭਾਉ ਭਗਤਿ ਕਰਿ ਨੀਚੁ ਸਦਾਏ,

ਤਉ ਨਾਨਕ ਮੋਖੰਤਰੁ ਪਾਏ. ਆਸਾ, ੪੭੦.

876. Salvation is attained

by cherishing loving devotion to God

And by dwelling in (i.e. behaving with)

humility. Asa, 470.

415

HUNGER/AVARICE

ਭੁੱਖ/ਤ੍ਰਿਸ਼ਨਾ

੮੭੭. ...ਭੁਖੈ ਸਾਦੈ ਗੰਢੁ. ਮਲਾਰ, ੧੨੮੮.

877. Hunger and taste are correlated. Malar, 1288.

੮੭੮. ਭੁਖਿਆ ਗੰਢੁ ਪਵੈ ਜਾ ਖਾਇ. ਮਾਝ, ੧੪੩.

878. The hungry man
renews his bond with the world
when he gets something to eat. Majh, 143.

੮੭੯. ਭੁਖਿਆ ਭੁਖ ਨ ਉਤਰੀ,
ਜੇ ਬੰਨਾ ਪੁਰੀਆ ਭਾਰ. ਜਪੁ, ੧.

879. The hunger (that is, avarice and desire) of man
is never appeased,
Even if all the wealth in the world
is piled up for him. Jap, 1.

੮੮੦. ਸਾਚੇ ਨਾਮ ਕੀ ਲਾਗੈ ਭੁਖ,
ਤਿਤੁ ਭੁਖੇ ਖਾਇ ਚਲੀਅਹਿ ਦੂਖ. ਆਸਾ, ੩੪੯.

880. All the pains of a man
who hungers for the True Name,
and partakes of it,
are consumed in that hunger. Asa, 349

੮੮੧. ਨਾਨਕ ਭਗਤਾ ਭੁਖ ਸਾਲਾਹਣੁ,
ਸਚੁ ਨਾਮੁ ਆਧਾਰੁ. ਆਸਾ, ੪੬੬.

881. The hunger of the devotees is to praise God.
His true Name is their sustenance. Asa, 466.

੮੮੨. ਦੁਖੀ ਦੁਨੀ ਸਹੇੜੀਐ, ਜਾਇ ਤ ਲਗਹਿ ਦੁਖ.
ਨਾਨਕ ਸਚੇ ਨਾਮ ਬਿਨੁ. ਕਿਸੈ ਨ ਲਥੀ ਭੁਖ. ਮਲਾਰ, ੧੨੮੭.

882. Wealth is gathered through pain;
when it departs it leaves pain.
No one is ever satisfied without drinking deeply
the nectar of God's True Name. Malar, 1287.

416

HYPOCRISY

ਪਾਖੰਡ, ਦੰਭ

੮੮੩. ਸਾਸਤੁ ਬੇਦੁ ਬਕੈ ਖੜੋ ਭਾਈ !
ਕਰਮ ਕਰਹੁ ਸੰਸਾਰੀ.
ਪਾਖੰਡਿ ਮੈਲੁ ਨ ਚੂਕਈ ਭਾਈ !
ਅੰਤਰਿ ਮੈਲੁ ਵਿਕਾਰੀ. ਸੋਰਠਿ, ੬੩੫.

883. You stand up and recite the Shastras and Vedas,
but you act and behave like a man of the world.
You are dirty within with the filth of sin
which cannot be cleaned through hypocrisy,
O brother !

Sorath, 635.

417

IDEAL DISCIPLINE

ਆਦਰਸ਼ਕ ਜ਼ਬਤ/ਅਨੁਸ਼ਾਸਨ

੮੮੪. ਭਉ ਭੁਇ, ਪਵਿਤੁ ਪਾਣੀ, ਸਤੁ ਸੰਤੋਖੁ ਬਲੇਦ;
ਹਲੁ ਹਲੇਮੀ, ਹਾਲੀ ਚਿਤੁ ਚੇਤਾ, ਵਤੁ ਵਖਤ ਸੰਜੋਗੁ;
ਨਾਉ ਬੀਜੁ, ਬਖਸੀਸ ਬੋਹਲ, ਦੁਨੀਆ ਸਗਲ ਦਰੋਗ;
ਨਾਨਕ ਨਦਰੀ ਕਰਮੁ ਹੋਇ, ਜਾਵਹਿ ਸਗਲ ਵਿਜੋਗ. ਰਾਮਕਲੀ, ੯੫੫.

884. Let love be the soil, piety the water,
and truth and contentment the bullocks.
Let humility be the plough, conscience the ploughman,
remembrance of God's Name the watering
and union with God the seed-time.
Let God's Name be the seed and His grace the crop.
All these virtues constitute the true discipline
before which the whole world seems false.
When one acquires such self-discipline through His grace,
his separation from Him ends in union. Ramkali, 955.

418

IDEAL FARMING

ਆਦਰਸ਼ਕ ਕਿਰਸਾਣੀ

੮੮੫. ਧਰਮੁ ਭੂਮਿ, ਸਤੁ ਬੀਜੁ ਕਰਿ,
ਐਸੀ ਕਿਰਸ ਕਮਾਵਹੁ. ਆਸਾ, ੪੧੮.

885. Farm so that faith is your soil
and truth your seed. Asa, 418.

੮੮੬. ਇਹ ਤਨੁ ਧਰਤੀ, ਬੀਜੁ ਕਰਮਾ ਕਰੋ;
ਸਲਿਲ ਆਪਾਉ, ਸਾਰਿੰਗਪਾਣੀ. ਸਿਰੀ, ੨੩.

886. Consider this body the soil,
your actions the seed.
Irrigate them with the water of the Name of God
Who holds the whole earth. Siri, 23.

੮੮੭. ਮਨੁ ਹਾਲੀ, ਕਿਰਸਾਣੀ ਕਰਣੀ,
ਸਰਮੁ ਪਾਣੀ, ਤਨੁ ਖੇਤੁ.
ਨਾਮੁ ਬੀਜੁ, ਸੰਤੋਖ ਸੁਹਾਗਾ,
ਰਖੁ ਗਰੀਬੀ ਵੇਸੁ.
ਭਾਉ ਕਰਮ ਕਰਿ ਜੰਮਸੀ,
ਸੇ ਘਰ ਭਾਗਠ ਦੇਖੁ. ਸੋਰਠਿ, ੫੯੫.

887. Let the mind be the ploughman,
good deeds the ploughing,
honest strivings the water and your body the field.
Let God's Name be the seed, content the leveller
and humility the garb.
Let your actions be
those of love and amity.
The seed will then sprout,
the crop will grow.
And you will see your home
blessed with prosperity. Sorath, 595.

419

IDEAL GARDENING

ਆਦਰਸ਼ਕ ਬਾਗ਼ਬਾਨੀ

੮੮੮. ਅਖਰ ਬਿਰਖ, ਬਾਗ ਭੁਇ ਚੋਖੀ,

ਸਿੰਚਿਤ ਭਾਉ ਕਰੇਹੀ.

ਸਭਨਾ ਫਲੁ ਲਾਗੈ ਨਾਮੁ ਏਕੋ,

ਬਿਨੁ ਕਰਮਾ ਕੈਸੇ ਲੇਹੀ ? ਆਸਾ, ੩੫੪.

888. Let the Guru's Word grow

as you would trees in the garden of your heart.

Water them with Divine Love,

then all the trees will bear

the fruit of God's Name.

This, however, can happen only

with His grace and devoted service. Asa, 354.

420

IDEAL LIFE

ਆਦਰਸ਼ਕ ਜੀਵਨ

੮੮੯. ਜਤੁ ਪਾਹਾਰਾ, ਧੀਰਜੁ ਸੁਨਿਆਰੁ;
ਅਹਰਣਿ ਮਤਿ, ਵੇਦੁ ਹਥੀਆਰ.
ਭਉ ਖਲਾ, ਅਗਨਿ ਤਪ ਤਾਉ;
ਭਾਂਡਾ ਭਾਉ, ਅੰਮ੍ਰਿਤ ਤਿਤੁ ਢਾਲਿ.
ਘੜੀਐ ਸਬਦੁ ਸਚੀ ਟਕਸਾਲ.
ਜਿਨ ਕਉ ਨਦਰਿ, ਕਰਮੁ ਤਿਨ ਕਾਰ,
ਨਾਨਕ ਨਦਰੀ, ਨਦਰਿ ਨਿਹਾਲ. ਜਪੁ, ੮.

889. Let continence be the forge,
poise the goldsmith,
understanding the anvil
and knowledge the tools.
Let God's fear be the bellows,
austerity the fire
and loving devotion the crucible
to melt therein the metal of life's nectar.
The gold of life is thus shaped,
The holy Word is thus fashioned
in such a mint of Truth.
Only those who are blessed
with God's gracious glance,
work out their lives in this way;
And the gracious Lord
fills them, thereby, with everlasting bliss. Jap, 8.

421
IDEAL WRITING
ਆਦਰਸ਼ਕ ਲਿਖਤ

੮੯੦. ਜਾਲਿ ਮੋਹੁ, ਘਸਿ ਮਸੁ ਕਰਿ,
ਮਤਿ ਕਾਗਦੁ ਕਰਿ ਸਾਰੁ.
ਭਾਉ ਕਲਮ ਕਰਿ ਚਿਤੁ ਲੇਖਾਰੀ,
ਗੁਰ ਪੁਛਿ ਲਿਖੁ ਬੀਚਾਰੁ.
ਲਿਖੁ ਨਾਮੁ, ਸਾਲਾਹ ਲਿਖੁ,
ਲਿਖੁ ਅੰਤੁ ਨ ਪਾਰਾਵਾਰੁ. ਸਿਰੀ, ੧੬.

890. Burn your worldly attachment and pound it into ink.
Turn your chaste intelligence into fine paper.
Make devotion your pen and your mind the scribe.
Then write what the Guru has taught
Write about God's Name and His praise.
Write also that there is no limit to His praise,
and no end to His greatness. Siri, 16.

422
IDOLATORY
ਬੁਤ-ਪੂਜਾ

੮੯੧. ਥਾਪਿਆ ਨ ਜਾਇ,
ਕੀਤਾ ਨਾ ਹੋਇ. ਜਪੁ, ੨.

891. God can neither be installed (like an idol)
nor can He be shaped. Jap, 2.

੮੯੨. ਪਾਥਰੁ ਲੇ ਪੂਜਹਿ ਮੁਗਧ ਗਵਾਰ,
ਓਹਿ ਜਾ ਆਪਿ ਡੁਬੇ,
ਤੁਮ ਕਹਾ ਤਾਰਣਹਾਰੁ ? ਬਿਹਾਗੜਾ, ੫੫੬

892. The ignorant, thoughtless persons
who offer worship to the stones
Do not realize that the stones
which themselves sink in water
Cannot ferry their worshippers across. Bihagra, 556.

੮੯੩. ਭੁਖਿਆ ਦੇਇ,
ਨ ਮਰਦਿਆ ਰਖੈ. ਸਾਰੰਗ, ੧੨੪੧.

893. An idol neither feeds the hungry
nor rescues the dying. Sarang, 1241.

423

IGNORANT

ਅਗਿਆਨੀ

੮੯੪. ਮਨੁ ਅੰਧੁਲਾ,
ਅੰਧਲੀ ਮਤਿ ਲਾਗੈ.
ਗੁਰ ਕਰਣੀ ਬਿਨੁ,
ਭਰਮੁ ਨ ਭਾਗੈ. ਬਸੰਤ, ੧੧੯੦.

894. An ignorant mind
leads to ignorant action.
Unless man follows the Guru's path,
he cannot rid himself of this ignorance. Basant, 1190.

੮੯੫. ਬਾਬਾ !
ਹੋਰ ਮਤਿ ਹੋਰ ਹੋਰ. ਸਿਰੀ, ੧੭.

895. All knowledge, unrelated to God, is vain,
(so far as the ultimate good of man is concerned),
O brother ! Siri, 17.

424

IGNORANCE

ਅਗਿਆਨਤਾ

੮੯੬. ਨਾਨਕ ਮੁਸੈ ਗਿਆਨ-ਵਿਹੂਣੀ,
ਖਾਇ ਗਇਆ ਜਮਕਾਲੁ. ਆਸਾ, ੪੬੫.

896. The world is beguiled by ignorance
and falls a prey to death. Asa, 465.

੮੯੭. ਗਿਆਨ-ਵਿਹੂਣਾ,
ਕਥਿ ਕਥਿ ਲੂਝੈ. ਆਸਾ, ੪੬੬.

897. Without proper knowledge or understanding,
man involves Himself in wordy battles. Asa, 466.

425
ILLUSION
ਮੋਹ-ਮਾਇਆ

੮੯੮. ਮਾਇਆ ਮੋਹਿ,
ਸਗਲ ਜਗੁ ਛਾਇਆ. ਪ੍ਰਭਾਤੀ, ੧੩੪੨.

898. The canopy of illusion
is spread over the whole world. Prabhati, 1342.

426
IMMORTALITY
ਅਵਿਨਾਸ਼ਤਾ, ਸਦੀਵਤਾ

੮੯੯. ਤਿਥੈ ਕਾਲੁ ਨਾ ਸੰਚਰੈ,
ਜੋਤੀ ਜੋਤਿ ਸਮਾਇ. ਸਿਰੀ, ੫੫.

899. Death does not enter there
where light is merged in Light. Siri, 55.

੯੦੦. ਸੁਣਿਐ ਪੋਹਿ ਨਾ ਸਕੈ ਕਾਲੁ. ਜਪੁ, ੨.

900. They who hearken to the Name of God,
are beyond the reach of death. Jap, 2.

੯੦੧. ਤਿਥੈ ਕਾਲੁ ਨ ਅਪੜੈ,
ਜਿਥੈ ਗੁਰ ਕਾ ਸਬਦੁ ਅਪਾਰੁ. ਸਿਰੀ, ੫੫.

901. Death does not reach that place
where the infinite Word of the Guru abides. Siri, 55.

੯੦੨. ਓਹੁ ਨ ਮੂਆ,
ਜੋ ਰਹਿਆ ਸਮਾਇ. ਗਉੜੀ, ੧੫੨.

902. He who has identified himself with God,
never dies. Gauri, 152.

427
IMPURITY
ਸੂਤਕ, ਭਿੱਟ, ਜੂਠ

੯੦੩. ਮਨਿ ਜੂਠੈ, ਤਨਿ ਜੂਠਿ ਹੈ;
ਜਿਹਵਾ ਜੂਠੀ ਹੋਇ. ਸਿਰੀ, ੫੫.

903. If the mind is impure,
the body and tongue also become impure. Siri,

੯੦੪. ਜੇਕਰਿ ਸੂਤਕੁ ਮੰਨੀਐ,
ਸਭਤੈ ਸੂਤਕੁ ਹੋਇ.
ਗੋਹੇ ਅਤੈ ਲਕੜੀ,
ਅੰਦਰਿ ਕੀੜਾ ਹੋਇ. ਆਸਾ, ੪੭੨.

904. If the idea of impurity
(by birth or death) be entertained,
impurity will be found in everything.
For, worms are found also
in wood and the cow-dung. Asa, 472.

੯੦੫. ਮਨ ਕਾ ਸੂਤਕੁ ਲੋਭੁ ਹੈ,
ਜਿਹਵਾ ਸੂਤਕੁ ਕੂੜੁ;
ਅਖੀ ਸੂਤਕੁ ਵੇਖਣਾ,
ਪਰ ਤ੍ਰਿਆ, ਪਰ ਧਨ, ਰੂਪ;
ਕੰਨੀ ਸੂਤਕੁ ਕੰਨਿ ਪੈ,
ਲਾਇਤਬਾਰੀ ਖਾਹਿ.
ਨਾਨਕ ਹੰਸਾ ਆਦਮੀ,
ਬਧੇ ਜਮਪੁਰਿ ਜਾਹਿ. ਆਸਾ, ੪੭੨.

905. Impurity of the mind is avarice

and that of the tongue falsehood.

Impurity of the eyes is

coveting another's woman, wealth and beauty.

Impurity of the ears is

listening to the calumny of others.

It is these impurities

that lead the souls of men

bound to the city of the Regent of Death. Asa, 472.

੯੦੬. ਸੂਤਕੁ ਅਗਨਿ ਭਖੈ,

ਜਗੁ ਖਾਇ.

ਸੂਤਕੁ ਜਲਿ ਥਲਿ,

ਸਭ ਹੀ ਥਾਇ. ਆਸਾ, ੪੧੩.

906. Real impurity lies in

the consuming fire of desire

which engulfs the whole world.

It is spread all around -

in oceans, on earth and at all places. Asa,. 413.

੯੦੭ ਸਭੋ ਸੂਤਕੁ ਭਰਮੁ ਹੈ,

ਦੂਜੇ ਲਗੈ ਜਾਇ. ਆਸਾ, ੪੭੨.

907. All belief in *Sutak* (i.e., impurity contacted from touch)

is illusion that induces worship of

someone other than God. Asa, 472.

428

INCARNATES, DEITIES AND DEMONS

ਅਵਤਾਰ, ਦੈਂਤ ਤੇ ਦੇਵਤੇ

੯੦੮. ਹੁਕਮਿ ਉਪਾਏ ਦਸ ਅਵਤਾਰਾ.

ਦੇਵ, ਦਾਨਵ ਅਗਣਤ ਅਪਾਰਾ. ਮਾਰੂ, ੧੦੩੭.

908. God Himself created,

by His will,

Ten incarnates, innumerable deities

and countless demons.

Maru, 1037.

429

INDECISION

ਦੋਚਿੱਤੀ, ਦੁਬਿਧਾ

੯੦੯. ਦੁਬਿਧਾ, ਦੁਰਮਤਿ, ਅੰਧੁਲੀ ਕਾਰ.

ਮਨਮੁਖਿ ਭਰਮੈ, ਮੰਝਿ ਗੁਬਾਰ. ਬਸੰਤੁ, ੧੧੯੦.

909. Indecision and evil minds

lead men to act blindly.

The wayward ones

only grope about in the darkness. Basant, 1190.

430

INDULGENCE

ਰੰਗ-ਰਲੀਆਂ, ਰਸ-ਭੋਗ, ਸੁਆਦ-ਰਚਿਤਾ.

੯੧੦. ਜੇ ਕੋ ਨਾਉ ਧਰਾਏ ਵਡਾ,
ਸਾਦ ਕਰੇ ਮਨਿਭਾਣੇ;
ਖਸਮੈ ਨਦਰੀ ਕੀੜਾ ਆਵੈ,
ਜੇਤੇ ਚੁਗੈ ਦਾਣੇ. ਆਸਾ, ੩੬੦.

910. None assuming himself great
and indulging in all that pleases him,
Can escape the attention of God
Who notices even the tiny insect,
that goes about picking grain. Asa, 360.

੯੧੧. ਭੋਗੀ ਕਉ,
ਦੁਖੁ ਰੋਗ ਵਿਆਪੈ. ਬਸੰਤੁ, ੧੧੮੯.

911. He who indulges himself excessively,
reaps pain and misery. Basant, 1189.

੯੧੨. ਖਸਮੁ ਵਿਸਾਰਿ, ਕੀਏ ਰਸ ਭੋਗ.
ਤਾਂ ਤਨਿ ਉਠਿ ਖਲੋਏ ਰੋਗ. ਮਲਾਰ, ੧੨੫੬.

912. He who forgets God
and indulges in sensuous pleasures,
suffers from pain from within. Malar, 1256.

431

INEQUALITY

ਨਾਬਰਾਬਰੀ, ਅਸਮਾਨਤਾ

੯੧੩. ਇਕਿ ਨਿਹਾਲੀ ਪੈ ਸਵਨਿ,
ਇਕਿ ਉਪਰਿ ਰਹਨਿ ਖੜੇ. ਆਸਾ, ੪੭੫.

913. Some lie down to sleep on cushions.
Others stand guard over them. Asa, 475.

432
INEVITABILITY OF DEATH
ਮੌਤ ਦੀ ਅਟੱਲਤਾ

੯੧੪. ...ਕਾਲੁ ਨ ਟਲੈ ਸਿਰਾਹੁ. ਸਿਰੀ, ੫੫.

914. Death's onslaught cannot be averted. Siri, 55.

੯੧੫. ਕੋ ਰਹੈ ਨ ਭਰੀਐ ਪਾਈਐ. ਆਸਾ, ੪੬੫.

915. No one remains here
when one's measure is full. Asa, 465.

੯੧੬. ਜੇ ਬਹੁਤੇਰਾ ਪੜਿਆ ਹੋਵਹਿ,
ਕੋ ਰਹੈ ਨ ਭਰੀਐ ਪਾਈ. ਸਿਰੀ, ੨੩.

916. However learned a person may be,
no one remains here
when his measure is full. Siri, 23.

੯੧੭. ਜੋ ਆਇਆ ਸੋ ਚਲਸੀ,
ਸਭੁ ਕੋਈ ਆਈ ਵਾਰੀਐ. ਆਸਾ, ੪੭੪.

917. Whoever has come into the world
must pass away.
The turn shall come to one and all. Asa, 474.

433
INGRATITUDE
ਅਕ੍ਰਿਤਘਣਤਾ, ਨਾਸ਼ੁਕਰਗੁਜ਼ਾਰੀ

੯੧੮. ਮਨਮੁਖ ਲੂਣ-ਹਰਾਮ,
ਕਿਆ ਨ ਜਾਣਿਆ. ਮਾਝ, ੧੪੩.

918. The self-willed
who is true to his salt,
Does not feel indebted
for any good done to him.

Majh, 143.

434

INTELLECT

ਬੁਧੀ, ਸੂਝ

੯੧੯. ਕੁਬੁਧਿ ਡੂਮਣੀ... ਸਿਰੀ, ੯੧.

919. Perversity of the intellect

is like a woman of low caste... Siri, 91.

435

INTERCESSION

ਸ਼ਫਾਇਤ, ਵਿਚੋਲਾਪਣ

੯੨੦. ਮੰਦਾ ਚੰਗਾ ਆਪਣਾ,

ਆਪੇ ਹੀ ਕੀਤਾ ਪਾਵਣਾ. ਆਸਾ, ੪੭੧.

920. Man has himself to bear the consequences of

the good and the bad he does. Asa, 471.

੯੨੧. ਕੀਤਾ ਆਪੋ ਆਪਣਾ,

ਆਪੇ ਹੀ ਲੇਖਾ ਸੰਢੀਐ. ਆਸਾ, ੪੭੩.

921. Everyone is himself responsible for his actions,

and shall have to settle his account himself. Asa, 473.

੯੨੨. ਗੁਰੁ ਪੀਰੁ ਹਾਮਾ ਤਾ ਭਰੇ,

ਜਾ ਮੁਰਦਾਰੁ ਨ ਖਾਇ. ਮਾਝ, ੧੪੧.

922. The Master or Preceptor shall intercede only

if one does not live

on carrion (i.e. on another's due). Majh, 141.

436

INTOXICANTS

ਨਸ਼ੇ, ਨਸ਼ੀਲੀਆਂ ਵਸਤਾਂ

੯੨੩. ਅੰਮ੍ਰਿਤ ਕਾ ਵਾਪਾਰੀ ਹੋਵੈ,
ਕਿਆ ਮਦਿ ਛੂਛੈ ਭਾਉ ਧਰੇ ! ਆਸਾ, ੩੬੦

923. He who deals in the Nectar of Truth,
does not cherish insipid worldly wines. Asa, 360.

੯੨੪. ਇਤੁ ਮਦਿ ਪੀਤੇ ਨਾਨਕਾ,
ਬਹੁਤੇ ਖਟੀਅਹਿ ਬਿਕਾਰ. ਬਿਹਾਗੜਾ, ਮਰਦਾਨਾ, ੫੫੩.

924. By drinking such a wine,
the mortal comes to
much vice and sin. Bihagara, Mardana, 553.

437

INVISIBLE BECOMING VISIBLE

ਅਦਿੱਖ ਦੇ ਦੀਦਾਰ ਦੀ ਪਰਾਪਤੀ

੯੨੫. ਜਿ ਪੁਰਖੁ ਨਦਰਿ ਨ ਆਵਈ,
ਤਿਸ ਕਾ ਕਿਆ ਕਰਿ ਕਹਿਆ ਜਾਇ ?
ਬਲਿਹਾਰੀ ਗੁਰ ਆਪਣੇ,
ਜਿਨਿ ਹਿਰਦੇ ਦਿਤਾ ਦਿਖਾਇ. ਰਾਮਕਲੀ, ੯੩੭.

925. God, whom no one can see,
what can one say of Him ?
I am all sacrifice upto my Master
who has enabled me to see Him
within my own heart. Ramkali, 937.

438

IRON AND FURNACE

ਲੋਹਾ ਤੇ ਭੱਠੀ

੯੨੬. ਕਾਇਆ ਆਰਣੁ, ਮਨ ਵਿਚਿ ਲੋਹਾ,
ਪੰਚ ਅਗਨਿ ਤਿਤੁ ਲਾਗ ਰਹੀ.
ਕੋਇਲੇ ਪਾਪ ਪੜੇ ਤਿਸੁ ਊਪਰਿ,
ਮਨੁ ਜਲਿਆ, ਸੰਨੀ ਚਿੰਤ ਭਈ.
ਭਇਆ ਮਨੂਰੁ, ਕੰਚਨੁ ਫਿਰਿ ਹੋਵੈ,
ਜੇ ਗੁਰੁ ਮਿਲੈ ਤਿਨੇਹਾ,
ਏਕੁ ਨਾਮੁ ਅੰਮ੍ਰਿਤ ਓਹੁ ਦੇਵੈ,
ਤਉ ਨਾਨਕ ਤ੍ਰਿਸਟਸਿ ਦੇਹਾ. ਮਾਰੂ, ੯੯੦.

926. The body is the furnace
in which the iron of the mind is cast.
